ਸਮੇਂ ਦੇ ਬੋਲ

ਕੁਲਵੰਤ ਜਗਰਾਓਂ

ਸਮੇਂ ਦੇ ਬੋਲ

(ਕਾਵਿ-ਸੰਗ੍ਰਹਿ)

President
A. B. S. Sadan (Regd)
JAMMU.

ਕੁਲਵੰਤ ਜਗਰਾਓਂ

ਬਲਰਾਜ ਸਾਹਨੀ ਯਾਦਗਾਰੀ ਘਰੇਲੂ ਪੁਸਤਕਸ਼ਾਲਾ
ਤੇਜ ਪ੍ਰਿੰਟਿੰਗ ਪ੍ਰੈਸ ਬਿਲਡਿੰਗ, ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ

SAMEN DE BOL—(Poems)
by
Kulwant Jagraon

© ਕੁਲਵੰਤ ਸਿੰਘ ਜਗਰਾਓਂ
C/o ਕੁਲਜੀਤ ਸਿੰਘ, ਨਜ਼ਦੀਕ ਚੁੰਗੀ ਨੰ: 7
ਅਗਵਾੜ ਲਧਾਈ, ਜਗਰਾਓਂ (ਲੁਧਿਆਣਾ)।

ਸੰਪਾਦਕ : ਸ. ਨ. ਸੇਵਕ

ਪਹਿਲੀ ਵਾਰ : ਜਨਵਰੀ, 1975

ਰੂਪਕਾਰ : ਸ਼ਮਸ਼ੇਰ ਸਿੰਘ ਸੰਧੂ

ਪ੍ਰਕਾਸ਼ਕ : ਬਲਰਾਜ ਸਾਹਨੀ ਯਾਦਗਾਰੀ ਘਰੇਲੂ ਪੁਸਤਕਸ਼ਾਲਾ,
ਤੇਜ਼ ਪ੍ਰੈਸ ਬਿਲਡਿੰਗ, ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ।

ਛਾਪਕ : ਰਾਈਟਰਜ਼ ਪ੍ਰੈਸ, 440/1 ਕ੍ਰਿਸ਼ਨਾ ਨਗਰ, ਜੌੜ ਸੜਕ, ਲੁਧਿਆਣਾ।

ਮੁੱਲ : ਲੋਕ ਐਡੀਸ਼ਨ : ਢਾਈ ਰੁਪਏ
ਲਾਇਬ੍ਰੇਰੀ ਐਡੀਸ਼ਨ : ਪੰਜ ਰੁਪਏ

ਕਿਰਨਾਂ

ਦੇ

ਕਾਫ਼ਲੇ

ਨੂੰ

ਅੰਦਰਵਾਰ

ਕੀ	ਕਿੱਥੇ
ਸਮੇਂ ਦੇ ਹਾਣ ਦੀ ਗੱਲ	5
ਸੋਹ ਦਾ ਤਕਲਾ	9
ਚੜ੍ਹਦੇ ਸੂਰਜ	10
ਬਜਟ	11
ਰੋਜ਼ ਦਾ ਅਨੁਭਵ	12
ਮੇਰਾ ਘਰ	14
ਬੇਜਾਨ	15
ਅੰਤਰ	17
ਇਹ ਧਰਤੀ	18
ਜੰਗ ਦਾ ਭੂਤ	19
ਵੇ ਲੋਕੋ !	20
ਏਸ ਮੰਚ 'ਤੇ	22
ਗਿਰਗਟ	23
ਲੀਡਰ	25
ਪੁਨਰਜਨਮ	26
ਤਾਜ	28
ਮਲਾਹ	29
ਸਾਹਿੱਤਕਾਰ	31
ਅਹਿਸਾਸ	33
ਜਨਮ ਦਿਨ	35
ਗ਼ਲਤ ਸਿਰਨਾਵੇਂ	36
ਮਦਾਰੀ-ਨਾਮਾ	38
ਅਹਿੰਸਾ ਅਤੇ ਸਮਾਜਵਾਦ	40
ਕਿਰਨਾਂ ਦਾ ਕਾਫ਼ਲਾ	42
ਅਧੋਗਤੀ	44
ਨਿਰਣਾ	45
ਝੁੱਗੀਆਂ ਵਾਲੇ	47
ਆਜ਼ਾਦੀ	49
ਦੁਸ਼ਮਣ	52
ਨੇਤਰ-ਹੀਣ	54
ਗ਼ਜ਼ਲਾਂ	56
ਗੀਤ	67

ਸਮੇਂ ਦੇ ਹਾਣ ਦੀ ਗੱਲ

ਕੁਲਵੰਤ ਜਗਰਾਓਂ ਸਮੇਂ ਦੇ ਯਥਾਰਥ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ ਅਤੇ ਆਪਣੇ ਅਨੁਭਵ ਨੂੰ ਸਰਲ ਤੇ ਸਪੱਸ਼ਟ ਸ਼ਬਦਾਂ ਵਿਚ ਪ੍ਰਗਟਾਉਂਦਾ ਹੈ। ਕਵਿਤਾ ਵਿਚ ਉਸ ਨੂੰ ਗੁੰਝਲਾਂ ਪਾਉਣ ਦੀ ਆਦਤ ਨਹੀਂ। ਉਸ ਦੀਆਂ ਬਹੁਤੀਆਂ ਕਵਿਤਾਵਾਂ ਦਾ ਨਾਇਕ ਸ਼ਹਿਰੀ ਮੱਧ-ਸ਼੍ਰੇਣੀ ਦਾ ਉਹ ਵਿਅਕਤੀ ਹੈ ਜਿਹੜਾ ਆਰਥਿਕ ਤੰਗ-ਹਾਲੀ ਦੀ ਚੱਕੀ ਵਿਚ ਬੁਰੀ ਤਰ੍ਹਾਂ ਪਿਸ ਰਿਹਾ ਹੈ। ਲੋੜਾਂ, ਥੋੜਾ ਤੇ ਮਹਿੰਗਾਈ ਨੇ ਉਸ ਦੇ ਘਰ ਵਿਚ ਹੀ 'ਸੋਹ ਦਾ ਤਕਲਾ' ਹੀ ਨਹੀਂ ਗੱਡ ਦਿੱਤਾ ਅਤੇ ਘਾਟੇ ਵਾਲੇ 'ਬਜਟ' ਕਾਰਣ ਆਪਣੇ ਬੱਚਿਆਂ ਤਕ ਨੂੰ ਲਾਰਿਆਂ ਨਾਲ ਵਰਚਾਉਣਾ ਹੀ ਉਸ ਦਾ 'ਰੋਜ਼ ਦਾ ਅਨੁਭਵ' ਨਹੀਂ ਬਣ ਗਿਆ ਸਗੋਂ ਉਸ ਦਾ ਸਮਾਜਿਕ ਜੀਵਨ ਵੀ 'ਬੇਜਾਨ' ਜਿਹਾ ਹੋ ਗਿਆ ਹੈ। ਉਹਨੂੰ ਇੰਜ ਲਗਦਾ ਹੈ ਕਿ ਉਹ ਆਪਣੇ ਜਿਸਮ ਨੂੰ ਲਾਸ਼ ਵਾਂਗੂੰ ਚੁੱਕੀ ਫਿਰਦਾ ਹੈ। ਅਜਿਹੀ ਸਥਿਤੀ ਵਿਚ ਉਹ ਆਪਣੇ ਸਮਾਜਕ ਪ੍ਰਬੰਧ ਵਿਚ 'ਅੰਤਰ' ਨੂੰ ਮਹਿਸੂਸ ਕਰਦਾ ਹੈ ਤੇ ਉਸ ਨੂੰ ਇੰਜ ਲਗਦਾ ਹੈ ਕਿ 'ਇਹ ਧਰਤੀ' ਜੀਉਣ ਜੋਗੀ ਹੀ ਨਹੀਂ। ਉਹ ਇਸ ਭੈੜੀ ਹਾਲਤ ਦੇ ਕਾਰਣ ਲੱਭਣ ਦਾ ਯਤਨ ਕਰਦਾ ਹੈ ਤੇ ਉਸ ਨੂੰ ਪਤਾ ਲਗਦਾ ਹੈ :

ਹੱਥ ਜਿਨ੍ਹਾਂ ਦੇ ਆਵਣ ਕੁੰਜੀਆਂ
ਸੋਈ ਲੁੱਟ ਲੈ ਜਾਣ ਵੇ ਲੋਕੋ।
ਵਾਰੀ ਵਾਰੀ ਭੇਸ ਵਟਾ ਕੇ
ਆ ਜਾਂਦੇ ਸ਼ੈਤਾਨ ਵੇ ਲੋਕੋ।

ਤੇ ਉਹ 'ਏਸ ਮੰਚ ਤੇ' ਰਾਸ ਪਾਉਂਦੇ 'ਗਿਰਗਟ' ਪ੍ਰਤੱਖ ਵੇਖਣ ਲਗਦਾ ਹੈ। ਦੇਸ਼ ਦੇ 'ਲੀਡਰ' ਉਸ ਲਈ ਘਿਰਣਾ ਦੇ ਪਾਤਰ ਬਣ ਜਾਂਦੇ ਹਨ ਕਿਉਂਕਿ ਉਹ ਕੁਰਸੀ, ਦੌਲਤ ਤੇ ਸ਼ੁਹਰਤ ਪਿੱਛੇ ਭੱਜੇ ਫਿਰਦੇ ਹਨ। ਹੇਰਾ ਫੇਰੀ ਤੇ ਝੂਠੇ ਇਕਰਾਰ ਉਨ੍ਹਾਂ ਦੀ ਫ਼ਿਤਰਤ ਬਣ ਗਈ ਹੈ। ਉਹ ਇਸ ਸਿੱਟੇ ਤੇ ਅਪੜਦਾ ਹੈ :

ਇਹ ਘਰ ਉੱਜਲਾ ਹੋ ਜਾਵੇ ਗਾ
ਲਹਿ ਜਾਵਣ ਜੇ ਜਾਲੇ ਲੀਡਰ।

ਇਸੇ ਸੁਰ ਨਾਲ ਕੁਲਵੰਤ 'ਮਲਾਹ' ਤੇ ਸਾਹਿੱਤਕਾਰ' ਕਵਿਤਾਵਾਂ ਵਿਚ ਅਜੋਕੀ ਸਾਹਿੱਤਕਾਰਾਂ ਤੇ ਵੀ ਵਰ੍ਹਦਾ ਹੈ। ਹੁਣ ਤਕ ਉਸ ਦੀ ਹਰ ਕਵਿਤਾ ਬੇਚੈਨੀ ਦੇ ਢੰਗ ਢੰਗਦੀ ਲਗਦੀ ਹੈ।

ਵਕਤ ਦੀ ਇਸ ਕੋੜੀ ਹਕੀਕਤ ਦੇ ਅਹਿਸਾਸ ਤੋਂ ਬਾਅਦ ਕੁਲਵੰਤ ਆਪਣੀ ਕਵਿਤਾ ਦੇ ਅਗਲੇ ਪੜਾਅ ਵਿਚ ਦਾਖਿਲ ਹੁੰਦਾ ਹੈ। ਜਦੋਂ ਬੇਚੈਨੀ ਹੱਦ ਤੋਂ ਵਧ ਜਾਂਦੀ ਹੈ ਤਾਂ ਕ੍ਰਾਂਤੀ ਦੀ ਭਾਵਨਾ ਜਨਮ ਲੈਂਦੀ ਹੈ। 'ਪੁਨਰ ਜਨਮ' ਵਿਚ ਉਸ ਦੀ ਕਲਮ ਹਥਿਆਰ ਦਾ ਰੂਪ ਧਾਰਦੀ ਹੈ ਤੇ ਉਹ ਬੋਲ ਉਠਦਾ ਹੈ :

ਮੌਤ ਵਰਗੀ ਜ਼ਿੰਦਗੀ ਤੋਂ ਹੈ ਚੰਗੇਰੀ
ਸੂਰਿਆਂ ਦੀ ਮੌਤ ਵੀ।

'ਤਾਜ' ਵਿਚ ਉਹ ਕਿਰਤੀਆਂ ਦਾ ਮਾਸ ਖਾਂਦੀਆਂ ਹੋਈਆਂ ਸ਼ਾਰਕਾਂ ਨੂੰ ਮਾਰ ਮੁਕਾਉਣ ਦਾ ਸੰਕੇਤ ਦਿੰਦਾ ਹੈ। ਆਪਣੀਆਂ ਮੁਕਤਕ ਕਵਿਤਾਵਾਂ ਵਿਚ ਉਹ ਵਧੇਰੇ ਤੀਖਣਤਾ ਨਾਲ ਪੂੰਜੀਵਾਦੀ ਅਰਥਚਾਰੇ ਤੇ ਸਮਾਜਿਕ ਆਨਿਆਂ ਵਿਰੁੱਧ ਆਵਾਜ਼ ਬੁਲੰਦ ਕਰਦਾ ਹੈ। ਉਸ ਨੂੰ ਆਪਣੇ ਕਰਮ-ਹੀਣ ਆਪੇ ਤੋਂ ਨਫ਼ਰਤ ਹੋ ਜਾਂਦੀ ਹੈ ਤੇ ਉਹ ਆਪਣੇ ਬੇਜਾਨ ਜਿਸਮ ਨੂੰ ਹਰਕਤ ਵਿਚ ਲਿਆਉਂਦਾ ਪ੍ਰਤੀਤ ਹੁੰਦਾ ਹੈ। ਇੱਥੇ ਉਹ ਇਹ ਖ਼ੂਬਸੂਰਤ ਬਿੰਬ ਸਿਰਜਦਾ ਹੈ :

ਮੇਰੀ ਰੋਟੀ ਹੁਣ ਮੈਨੂੰ
ਦੋ ਵਕਤ ਖਾਂਦੀ ਹੈ
ਤੇ ਮੇਰੀ ਕੋਠੜੀ ਦੀ ਛੱਤ
ਮੇਰੇ ਤੇ ਰੋਜ਼ ਡਿਗਦੀ ਹੈ

'ਅਹਿੰਸਾ ਤੇ ਸਮਾਜਵਾਦ' ਵਿਚ ਉਹ ਬਿਨਾ ਸੰਕੋਚ ਅਹਿੰਸਾਵਾਦੀਆਂ ਦਾ ਮਜ਼ਾਕ ਉਡਾਉਂਦਾ ਹੈ :

ਜਦੋਂ ਵੀ ਕਦੀ ਚਿੜੀਆਂ ਨੇ
ਕਿਸੇ ਜ਼ਾਲਮ ਬਾਜ਼ ਨੂੰ
ਉਸ ਦੇ ਜ਼ੁਲਮਾਂ ਦੀ
ਸਜ਼ਾ ਦਿੱਤੀ ਹੈ
ਤਾਂ ਪਹਿਰੇਦਾਰਾਂ ਨੇ
ਹਿੰਸਾ ਹਿੰਸਾ ਦਾ
ਖ਼ੂਬ ਸ਼ੋਰ ਪਾਇਆ ਹੈ।

ਪਰ ਜਦੋਂ ਚਿੱਟੇ ਬਗਲੇ
ਅਹਿੰਸਾ ਦਾ ਲਿਬਾਸ ਪਹਿਨ ਕੇ
ਰੋਜ਼ ਮਾਸੂਮ ਮੱਛੀਆਂ ਦਾ
ਆਹਾਰ ਕਰਦੇ ਨੇ
ਤਾਂ ਰੇਡੀਓ ਤੇ ਅਹਿੰਸਾ ਦੇ
ਗੀਤ ਵੱਜਦੇ ਹਨ !

ਇਹੀ ਸੁਰ 'ਕਿਰਨਾਂ ਦਾ ਕਾਫ਼ਲਾ', 'ਨਿਰਣਾ', 'ਆਜ਼ਾਦੀ' ਤੇ 'ਦੁਸ਼ਮਣ' ਆਦਿ ਕਵਿਤਾਵਾਂ ਵਿਚ ਵੀ ਉੱਚੀ ਹੁੰਦੀ ਹੈ। ਉਹ ਬੜੇ ਬਲਵਾਨ ਸ਼ਬਦਾਂ ਵਿਚ ਆਖਦਾ ਹੈ :

ਆਜ਼ਾਦੀ ਦੇ ਅਰਥ—
ਪਤਝੜ ਦੇ ਪੀਲੇ ਪੱਤਰ ਤਾਂ ਨਹੀਂ ਹੁੰਦੇ
ਉਹ ਤਾਂ ਸੂਹੇ ਮਹਿਕਦੇ
ਖਿੜੇ ਗੁਲਾਬ ਹੁੰਦੇ ਹਨ
ਜਿਨ੍ਹਾਂ ਦੀ ਰੁੱਤ ਅਜੇ ਆਉਣੀ ਹੈ।

ਕੁਲਵੰਤ ਨੂੰ ਇਹ ਵੀ ਮਹਿਸੂਸ ਹੁੰਦਾ ਹੈ ਕਿ ਨਵੇਂ ਸਮਾਜ ਦੀ ਸਥਾਪਨਾ ਲਈ ਪ੍ਰਗਤੀਵਾਦੀ ਤਾਕਤਾਂ ਦੇ ਬਲਵਾਨ ਏਕੇ ਦੀ ਲੋੜ ਹੈ। ਉਹ ਬਾਰ ਬਾਰ ਅਗਾਂਹ-ਵਧੂ ਸ਼ਕਤੀਆਂ ਨੂੰ ਇਕੱਠੇ ਹੋਣ ਤੇ ਅਨਿਆਂ ਵਿਰੁੱਧ ਲੜਨ ਲਈ ਵੰਗਾਰਦਾ ਹੈ :

ਸਾਰੇ ਆਪਣੇ ਫ਼ਰਕ ਮਿਟਾਈਏ,
ਕਿਰਤੀ ਅਤੇ ਕਿਰਸਾਨ ਵੇ ਲੋਕੋ।
ਇਕ ਮੁੱਠ ਹੋ ਕੇ ਲਾਈਏ ਸੱਭੇ
ਸਾਂਝਾ ਅਸੀਂ ਤ੍ਰਾਣ ਵੇ ਲੋਕੋ।

ਜਾਂ

ਸਮਾਂ ਇਹ ਮੰਗ ਕਰਦਾ ਹੈ
ਕਿ ਮੌਸਮ ਦੀ

ਹਰ ਸਖ਼ਤੀ ਨੂੰ ਵੀ ਜਰੀਏ ।
ਤੇ ਇਸ ਦੇ ਹਰ ਖ਼ੂਨੀ ਥਪੇੜੇ ਨਾਲ
ਸਾਰੇ ਜੂਝੀਏ ਲੜੀਏ

ਪਰ ਜਿੱਥੇ ਕੁਲਵੰਤ ਅਗਾਂਹ-ਵਧੂ ਲੋਕਾਂ ਨੂੰ ਇਕੱਠੇ ਹੋਣ ਦਾ ਸੁਝਾਅ ਦਿੰਦਾ ਹੈ, ਉੱਥੇ ਉਸ ਦੀ ਕਵਿਤਾ ਵਿਚ ਨਾਅਰੇਬਾਜ਼ੀ ਦਾ ਤੱਤ ਆ ਜਾਂਦਾ ਹੈ ਤੇ ਪ੍ਰਗਟਾਅ ਕਾਵਿਕ ਨਹੀਂ ਰਹਿੰਦਾ । ਉਸ ਦੀਆਂ ਗ਼ਜ਼ਲਾਂ ਤੇ ਗੀਤ ਵੀ ਇਸ ਦੋਸ਼ ਤੋਂ ਮੁਕਤ ਨਹੀਂ । ਇਨ੍ਹਾਂ ਵਿਚ ਉਹ ਸੁਚੇਤ ਹੋ ਕੇ ਪ੍ਰਚਾਰਵਾਦੀ ਅੰਸ਼ ਭਰਦਾ ਹੋਇਆ ਪ੍ਰਤੀਤ ਹੁੰਦਾ ਹੈ । ਸਾਹਿੱਤ ਵਿਚ ਸੁਝਾਅ ਕਲਾਤਮਕ ਹੋਣਾ ਚਾਹੀਦਾ ਹੈ, ਸਿੱਧਾ ਸਪਾਟ ਨਹੀਂ । ਕੁਲਵੰਤ ਦੀਆਂ ਗ਼ਜ਼ਲਾਂ ਮੈਨੂੰ ਉਸ ਦੀਆਂ ਬਾਕੀ ਕਵਿਤਾਵਾਂ ਨਾਲੋਂ ਕਮਜ਼ੋਰ ਜਾਪੀਆਂ ਹਨ । ਅਸਲ ਵਿਚ ਗ਼ਜ਼ਲ ਇਕ ਰਵਾਇਤੀ ਕਾਵਿ-ਰੂਪ ਹੈ ਜਿਸ ਦੀਆਂ ਆਪਣੀਆਂ ਕਲਾਤਮਕ ਲੋੜਾਂ ਹਨ । ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਥੋੜੇ ਕਵੀਆਂ ਨੂੰ ਹੀ ਪ੍ਰਵੀਣਤਾ ਪ੍ਰਾਪਤ ਹੋਈ ਹੈ । ਤਾਂ ਵੀ ਇਹ ਕੁਲਵੰਤ ਦਾ ਪਹਿਲਾ ਕਾਵਿ-ਸੰਗ੍ਰਹਿ ਹੈ ਤੇ ਆਸ ਕੀਤੀ ਜਾ ਸਕਦੀ ਹੈ ਕਿ ਆਪਣੀਆਂ ਆਗਾਮੀ ਰਚਨਾਵਾਂ ਵਿਚ ਉਹ ਇਸ ਸੰਗ੍ਰਹਿ ਵਿਚਲੀਆਂ ਘਾਟਾਂ ਨੂੰ ਅਵੱਸ਼ ਪੂਰ ਲਏ ਗਾ ।

'ਸਮੇਂ ਦੇ ਬੋਲ' ਵਿਚਲੀਆਂ ਕਵਿਤਾਵਾਂ ਨੂੰ ਮੈਂ ਤਿੰਨ ਵਰਗਾਂ ਵਿਚ ਵੰਡਿਆ ਹੈ—ਲੈਅ-ਮਈ ਕਵਿਤਾਵਾਂ, ਮੁਕਤਕ ਕਵਿਤਾਵਾਂ, ਗ਼ਜ਼ਲਾਂ ਤੇ ਗੀਤ । ਇਨ੍ਹਾਂ ਦੇ ਭਾਵਾਂ ਵਿਚ ਸਾਂਝ ਸੁਭਾਵਿਕ ਹੈ ਪਰ ਇਸ ਵਰਗੀਕਰਣ ਨਾਲ ਇਨ੍ਹਾਂ ਦੀ ਰੂਪਕ ਵੰਨ-ਸੁਵੰਨਤਾ ਉੱਘੜ ਆਉਂਦੀ ਹੈ । ਮੈਨੂੰ ਆਸ ਹੈ ਕਿ ਪਾਠਕ ਕੁਲਵੰਤ ਦੀਆਂ ਕਵਿਤਾਵਾਂ ਦੀ ਆਤਮਾ ਨੂੰ ਜਾਣ ਸਕਣ ਗੇ ।

ਸ. ਨ. ਸੇਵਕ
ਭਾਸ਼ਾ, ਸੱਭਿਆਚਾਰ ਤੇ ਇਤਿਹਾਸ ਵਿਭਾਗ
ਪੰਜਾਬ ਖੇਤੀ ਯੂਨੀਵਰਸਿਟੀ
ਲੁਧਿਆਣਾ ।
ਜਨਵਰੀ 26, 1975

ਲੈ-ਮਈ ਕਵਿਤਾਵਾਂ—

ਸੇਹ ਦਾ ਤਕਲਾ

ਉਹ ਤੇ ਉਸ ਦੀ ਪਤਨੀ ਦੋਵੇਂ
ਆਪਸ ਦੇ ਵਿਚ ਨਿਤ ਲੜਦੇ ਹਨ
ਕੁਝ ਚਿਰ ਹੋਇਆ ਉਹਨਾਂ ਦੋਹਾਂ
ਹੱਸਦੇ ਹੱਸਦੇ ਚਾਈਂ ਚਾਈਂ
ਇਕ ਦੂਜੇ ਨੂੰ ਉਮਰਾਂ ਦਾ ਸਾਂ
ਸਾਥੀ ਚੁਣਿਆ
ਤੇ ਹੁਣ ਦੋਵੇਂ ਇਕ ਦੂਜੇ ਤੋਂ
ਦੂਰ ਦੂਰ ਹਨ ਨੱਸਣਾ ਚਾਹੁੰਦੇ
ਲੋੜਾਂ, ਥੋੜਾਂ ਤੇ ਮਹਿੰਗਾਈ
ਉਨ੍ਹਾਂ ਦੇ ਵਿਹੜੇ
ਸੇਹ ਦਾ ਤਕਲਾ ਗੱਡ ਦਿੱਤਾ ਹੈ !

ਚੜ੍ਹਦੇ ਸੂਰਜ

ਚੜ੍ਹਦੇ ਸੂਰਜ ਨਿੱਤ ਸਵੇਰੇ
ਸਾਡੇ ਘਰ ਵਿਚ ਜੰਗ ਛਿੜ ਜਾਵੇ
ਚੜ੍ਹਦੇ ਸੂਰਜ ਨਿੱਤ ਸਵੇਰੇ
ਚਿੱਤ ਭੁੱਖਾ ਕੁਝ ਖਾਣ ਨੂੰ ਮੰਗੇ
ਚੜ੍ਹਦੇ ਸੂਰਜ ਮਨ ਸੋਚਾਂ ਦੇ
ਸਾਗਰ ਦੇ ਵਿਚ ਗੋਤੇ ਲਾਵੇ
ਕੁਝ ਘੋਗੇ, ਕੁਝ ਟੁੱਟੀਆਂ ਸਿੱਪੀਆਂ
ਮਿਹਨਤ ਸਾਡੀ ਝੋਲੀ ਪਾਵੇ ।
ਚੜ੍ਹਦੇ ਸੂਰਜ ਬੇਕਾਰੀ ਦੀ
ਚਿੰਤਾ ਸਾਨੂੰ ਸੂਲੀ ਟੰਗੇ
ਚੜ੍ਹਦੇ ਸੂਰਜ ਨਿੱਤ ਸਵੇਰੇ
ਸ਼ਾਹ ਸਾਡੇ ਤੋਂ ਕਰਜ਼ਾ ਮੰਗੇ
ਚੜ੍ਹਦੇ ਸੂਰਜ ਅੱਗ ਫ਼ਿਕਰਾਂ ਦੀ
ਸਾਡਾ ਸਾਰਾ ਤਨ ਝੁਲਸਾਵੇ
ਚੜ੍ਹਦੇ ਸੂਰਜ ਨਿੱਤ ਸਵੇਰੇ
ਸਾਡੇ ਘਰ ਵਿਚ ਜੰਗ ਛਿੜ ਜਾਵੇ ।

ਬਜਟ

ਪਹਿਲਾਂ ਵਾਂਗੂੰ, ਪਹਿਲੀ ਤੋਂ ਵੀ
ਪਹਿਲਾਂ ਹੀ ਤਾਂ
ਮੇਰੀ ਜੇਬ ਬੜੀ ਭਾਰੀ ਹੈ
ਇਸ ਦੇ ਵਿਚ ਹਨ
ਕਿੰਨੇ ਹੀ ਕਾਗ਼ਜ਼ ਦੇ ਟੋਟੇ
ਜਿਨ੍ਹਾਂ ਉਤੇ ਸੌ ਵਾਰੀ ਮੈਂ
ਕੱਟ ਵੱਢ ਕਰ ਕੇ
ਲਿਖਿਆ ਹੋਇਐ
ਕਿਸ ਕਿਸ ਨੂੰ ਹਨ ਏਸ ਮਹੀਨੇ
ਕਿੰਨੇ ਕਿੰਨੇ ਪੈਸੇ ਦੇਣੇ
ਕਿਸ ਕਿਸ ਨੂੰ ਹੈ
ਲਾਰਾ ਲਾਣਾ ਤੇ ਅਟਕਾਣਾ
ਕੁਝ ਇਕਨਾਂ ਨੂੰ ਕੋਈ ਨਾ ਕੋਈ
ਲਾ ਬਹਾਨਾ ਟਾਲ ਦਿਆਂ ਗਾ
ਪਰ ਆਪਣੇ ਬੱਚਿਆਂ ਦੇ ਢਿੱਡ ਨੂੰ
ਰੋਟੀ ਬਾਝੋਂ ਕਿੰਜ ਟਾਲਾਂ ਗਾ ?
ਜੇਬ ਮੇਰੀ ਵਿਚ
ਘਾਟੇ ਵਾਲਾ ਬਜਟ ਇਹ ਮੇਰਾ
ਦਿਲ ਦੀ ਧੜਕਨ ਪਕੜ ਰਿਹਾ ਹੈ।

ਰੋਜ਼ ਦਾ ਅਨੁਭਵ

ਅਜੇ ਮੈਂ ਕਲ੍ਹ ਹੀ ਸਹੁੰ ਖਾਧੀ ਸੀ
ਝੂਠ ਬੋਲਣਾ ਛੱਡ ਦੇਣਾ ਹੈ
ਤੇ ਅੱਜ ਜਦੋਂ ਲਾਡਲਾ ਮੇਰਾ
ਮੇਲੇ ਦੇ ਵਿਚ ਮੈਥੋਂ ਕੋਈ
ਖਾਣ ਲਈ ਜਦ ਸ਼ੈ ਮੰਗਦਾ ਹੈ
ਮੈਂ ਕਹਿੰਦਾ ਹਾਂ—
'ਕਾਕਾ ਇਹ ਨਹੀਂ ਆਪਾਂ ਖਾਣੀ
ਇਹ ਤਾਂ ਚੀਜ਼ ਬੜੀ ਗੰਦੀ ਹੈ।'
ਏਨਾ ਕਹਿ ਕੇ ਟਾਲ ਰਿਹਾ ਹਾਂ
ਭਾਵੇਂ ਮੇਰਾ ਆਪਣਾ ਵੀ ਤਾਂ
ਉਸੇ ਚੀਜ਼ ਲਈ ਜੀਅ ਕਰਦਾ ਹੈ।
ਫਿਰ ਮੈਂ ਉਸ ਨੂੰ ਕਹਿ ਦੇਂਦਾ ਹਾਂ—
'ਕਾਕਾ ਅਗਲੀ ਹੱਟੀਓਂ ਲੈ ਲਈਂ
ਉਥੋਂ ਬੜੀ ਹੀ ਵਧੀਆ ਚੀਜ਼ੀ
ਅਤੇ ਖਿਡਾਉਣੇ ਆਸੀਂ ਲਵਾਂ ਗੇ।'
ਅਗਲੀ ਅਗਲੀ ਹੱਟੀ ਕਰਦਾ
ਲਾਰੇ ਲਾਂਦਾ ਤੇ ਵਰਚਾਂਦਾ
ਭਵ ਸਾਗਰ ਚੋਂ ਲੰਘ ਆਇਆ ਹਾਂ
ਭਾਵੇਂ ਮੇਰਾ ਬੱਚਾ ਹਣ ਕੁਝ
ਡੁਸਕ ਰਿਹਾ ਹੈ ਖਿਝ ਰਿਹਾ ਹੈ
ਤੇ ਹੰਝੂਆਂ ਨੇ ਉਸ ਦੀਆਂ ਗਲ੍ਹਾਂ

ਭਿਉਂ ਦਿੱਤੀਆਂ ਨੇ, ਧੋ ਦਿੱਤੀਆਂ ਨੇ
ਪਰ ਸਾਡੇ ਦੋਹਾਂ ਲਈ ਇਹ ਤਾਂ
ਹਰ ਰੋਜ਼ ਦਾ ਹੀ ਅਨੁਭਵ ਹੈ
ਕਿਹੜੀ ਕੋਈ ਵੱਖਰੀ ਗੱਲ ਹੈ।
ਜੇਬ ਮੇਰੀ ਵਿਚ ਇਕ ਚਵਾਨੀ
ਬੜੀ ਦੇਰ ਦੀ ਰੜਕ ਰਹੀ ਹੈ
ਫੁੱਲੀਆਂ ਲੈ ਬੱਚੇ ਦੀਆਂ ਨਿੱਕੀਆਂ
ਹੁਣ ਮੈਂ ਜੇਬਾਂ ਭਰ ਦਿੱਤੀਆਂ ਨੇ
ਤੇ ਉਹ ਰਤਾ ਕੁ ਮੁਸਕਾਇਆ ਹੈ
ਮੈਨੂੰ ਵੀ ਧਰਵਾਸ ਜਿਹਾ ਹੈ
ਆਪਣੇ ਘਰ ਨੂੰ
ਸੱਖਣੇ ਤਾਂ ਨਹੀਂ ਪਰਤ ਰਹੇ ਹਾਂ !

ਮੇਰਾ ਘਰ

ਮੇਰਾ ਘਰ—
ਚਿੰਤਾਵਾਂ ਦੀ ਵੱਡੀ ਭੱਠੀ
ਫਿਰ ਵੀ ਮੈਨੂੰ ਪਿਆਰਾ ਲੱਗੇ
ਕਿਉਂ ਜੋ ਇਹ ਵਿਸ਼ਵਾਸ ਨੂੰ ਮੈਨੂੰ
ਇਸ ਦੇ ਅੰਦਰ ਢਲਦਾ ਢਲਦਾ
ਇਕ ਨਾ ਇਕ ਦਿਨ
ਐਸਾ ਮੈਂ ਹਥਿਆਰ ਬਣਾਂ ਗਾ
ਜਿਸ 'ਚੋਂ ਛੁੱਟਿਆ ਹਰ ਇਕ ਜ਼ੱਰਾ
ਚਿੰਤਾਵਾਂ ਦੇ ਦਾਨਵ ਸਾਰੇ
ਖ਼ਤਮ ਕਰੇਗਾ ।

ਬੇਜਾਨ

ਕੁਝ ਦਿਨ ਹੋਏ, ਮੇਰਾ ਹਾਣੀ
ਹਾਇ ! ਮੇਰਾ ਇਕ ਯਾਰ ਪਿਆਰਾ
ਸਾਥ ਸਦਾ ਲਈ, ਤੋੜ ਗਿਆ ਹੈ ।
ਪਿਛਲੀ ਵਾਰੀ ਜਦ ਉਸ ਨੂੰ ਮੈਂ
ਮਿਲਣ ਗਿਆ ਸੀ
ਮੈਂ ਕਿਹਾ ਸੀ—
"ਯਾਰਾ ! ਏਸੇ ਸ਼ਹਿਰ ਦੇ ਵਿੱਚੋ
ਕਿੰਨੇ ਹੀ ਤਾਂ ਹੋਰ ਵੀ ਚੰਗੇ
ਹਸਪਤਾਲ ਨੇ
ਕਿਉਂ ਨਹੀਂ ਆਪਣਾ
ਚੰਗੀ ਤਰ੍ਹਾਂ ਇਲਾਜ ਕਰਾਉਂਦਾ ?"
ਤੇ ਉਸ ਆਪਣੇ
ਨੈਣਾਂ ਦੇ ਵਿਚ ਹੰਝੂ ਭਰ ਕੇ
ਜੇਬ 'ਚੋਂ ਇਕ ਕਾਗ਼ਜ਼ ਕੱਢਿਆ
ਜਿਸ ਦੇ ਉਤੇ ਲਿਖੇ ਹੈ ਸਨ
ਟੀਕੇ ਟੌਨਿਕ, ਕਈ ਦਵਾਈਆਂ
ਜਿਨ੍ਹਾਂ ਨੂੰ ਲਿਆਵਣ ਜੋਗੇ
ਪੈਸੇ ਉਸ ਦੇ ਕੋਲ ਨਹੀਂ ਸਨ
ਪੈਸੇ ਮੇਰੇ ਕੋਲ ਨਹੀਂ ਸਨ
ਮੇਰੇ ਪੱਲੇ ਜੇ ਹੈ ਸੀ ਤਾਂ
ਇਕ ਸਾਲ ਦੀ ਨਿਰੀ ਬੇਕਾਰੀ !

ਫਿਰ ਉਸ ਨੇ ਬੁੱਲ੍ਹਾਂ ਨੂੰ ਟੁਕਦੇ
ਇਉਂ ਕਿਹਾ ਸੀ—
"ਅੱਜ ਤੂੰ ਰੱਜ ਕੇ ਮਿਲ ਲੈ ਮਿੱਤਰਾ !
ਤੇਲ ਬਿਨਾਂ ਜੀਵਨ ਦੀ ਬੱਤੀ
ਕਿਸੇ ਘੜੀ ਵੀ ਬੁਝ ਸਕਦੀ ਹੈ
ਹਸਪਤਾਲ ਦਾ ਵੱਡਾ ਡਾਕਟਰ
ਕਲ੍ਹ ਕਹਿੰਦਾ ਸੀ :
ਕਿਸੇ ਪਹਾੜੀ ਥਾਂ ਦੇ ਉੱਤੇ
ਵਰ੍ਹਾ ਛਿਮਾਹੀ ਜੇ ਰਹਿ ਆਵੇਂ
ਅੱਛੀ ਵਧੀਆ ਡਾਈਟ ਖਾਵੇਂ
ਹੋ ਸਕਦਾ ਹੈ ਤੂੰ ਬਚ ਜਾਵੇਂ ।"
ਤੇ ਉਸ ਨੂੰ ਮੈਂ ਧੀਰਜ ਦੇਂਦਾ
ਅੰਪਰ ਅੰਦਰੋਂ ਹੌਕੇ ਲੈਂਦਾ
ਆਪਣਾ ਮੂੰਹ ਹੰਝੂਆਂ ਵਿਚ ਧੋਂਦਾ
ਲਾਸ਼ ਦੇ ਵਾਂਗੂ
ਆਪਣੀ ਕਬਰ 'ਚ ਆ ਡਿੱਗਾ ਸਾਂ
ਜਿਸਮ ਨਹੀਂ ਹੁਣ ਮੇਰਾ ਆਪਣਾ
ਲਾਸ਼ ਹੈ ਜਿਸ ਨੂੰ ਚੁੱਕੀ ਫਿਰਦਾਂ ।

ਅੰਤਰ

ਇਕ ਔਰਤ ਮੇਰੇ ਦੇਸ਼ ਦੀ ਜਿਉਂ ਮਲਕਾ ਰਾਣੀ,
ਲੱਖ ਔਰਤ ਮੇਰੇ ਦੇਸ਼ ਦੀ ਪਰ ਭੁੱਖੀ ਭਾਣੀ।

ਇਕ ਔਰਤ ਮੇਰੇ ਦੇਸ਼ ਦੀ ਬਹਿ ਹੁਕਮ ਚਲਾਵੇ,
ਲੱਖ ਔਰਤ ਮੇਰੇ ਦੇਸ਼ ਦੀ ਪਰ ਨਰਕ ਹੰਢਾਵੇ

ਇਕ ਔਰਤ ਮੇਰੇ ਦੇਸ਼ ਦੀ ਮਹਿਲਾਂ ਦੇ ਉੱਤੇ,
ਲੱਖ ਔਰਤ ਮੇਰੇ ਦੇਸ਼ ਦੀ ਜਿਹਨੂੰ ਖਾਵਣ ਕੁੱਤੇ।

ਇਕ ਔਰਤ ਮੇਰੇ ਦੇਸ਼ ਦੀ ਜਿਦ੍ਹਾ ਵੇਸ ਬਹੁ-ਰੰਗਾ,
ਲੱਖ ਔਰਤ ਮੇਰੇ ਦੇਸ਼ ਦੀ ਜਿਦ੍ਹਾ ਕੱਜਣ ਨੰਗਾ।

ਇਕ ਔਰਤ ਮੇਰੇ ਦੇਸ਼ ਦੀ ਤਨ ਅਤਰੀਂ ਧੋਵੇ,
ਲੱਖ ਔਰਤ ਮੇਰੇ ਦੇਸ਼ ਦੀ ਜੋ ਕੂੜਾ ਢੋਵੇ।

ਇਕ ਔਰਤ ਮੇਰੇ ਦੇਸ਼ ਦੀ ਫੁੱਲਾਂ ਤੇ ਤੁਰਦੀ,
ਲੱਖ ਔਰਤ ਮੇਰੇ ਦੇਸ਼ ਦੀ ਜੋ ਦਰ ਦਰ ਰੁਲਦੀ।

ਇਕ ਔਰਤ ਮੇਰੇ ਦੇਸ਼ ਦੀ ਭਵਨਾਂ ਵਿਚ ਪਲਦੀ,
ਲੱਖ ਔਰਤ ਮੇਰੇ ਦੇਸ਼ ਦੀ ਭੱਠੀ ਵਿਚ ਬਲਦੀ।

ਇਕ ਔਰਤ ਮੇਰੇ ਦੇਸ਼ ਦੀ ਜੋ ਲੱਦੀ ਹਾਰੀਂ,
ਲੱਖ ਔਰਤ ਮੇਰੇ ਦੇਸ਼ ਦੀ ਜੋ ਵਿਕੇ ਬਾਜ਼ਾਰੀਂ।

ਇਕ ਔਰਤ ਮੇਰੇ ਦੇਸ਼ ਦੀ ਜਿਦ੍ਹੇ ਸੈਆਂ ਚਾਕਰ,
ਲੱਖ ਔਰਤ ਮੇਰੇ ਦੇਸ਼ ਦੀ ਜ਼ਿੰਦਗੀ ਤੋਂ ਆਤਰ।

ਇਕ ਔਰਤ ਮੇਰੇ ਦੇਸ਼ ਦੀ ਲੱਖ ਮੌਜਾਂ ਕਰਦੀ,
ਲੱਖ ਔਰਤ ਮੇਰੇ ਦੇਸ਼ ਦੀ ਨਿੱਤ ਹੌਕੇ ਭਰਦੀ।

ਇਕ ਔਰਤ ਮੇਰੇ ਦੇਸ਼ ਦੀ ਨਿੱਤ ਭਾਸ਼ਣ ਵੰਡੇ,
ਲੱਖ ਔਰਤ ਮੇਰੇ ਦੇਸ਼ ਦੀ ਜਿਦ੍ਹੇ ਚੁੱਲ੍ਹੇ ਠੰਡੇ।

ਇਹ ਧਰਤੀ

ਇਹ ਧਰਤੀ ਵੀ ਕਾਹਦੀ ਧਰਤੀ
ਜਿੱਥੇ ਗ਼ਮੀਆਂ ਵਿਚ ਤਾਂ ਰੋਣਾ
ਔਪਰ ਕੋਈ ਵੀ ਖ਼ੁਸ਼ੀ ਅਸਾਡੀ
ਬਿਨ ਹੰਝੂਆਂ ਨਾ ਆਵੇ ।
ਇਹ ਧਰਤੀ ਵੀ ਕਾਹਦੀ ਧਰਤੀ
ਜਿੱਥੇ ਕੇਵਲ ਥੁੜ ਪੈਸੇ ਦੀ
ਸਾਡੀਆਂ ਰੀਝਾਂ ਸਾਡੇ ਸੁਪਨੇ
ਤਰੁੰਡ ਮਰੁੰਡ ਕੇ ਝਟ ਲੈ ਜਾਵੇ ।
ਇਹ ਧਰਤੀ ਵੀ ਕਾਹਦੀ ਧਰਤੀ
ਜਿੱਥੇ ਫੋਕੀਆਂ ਰਸਮਾਂ ਰੀਤਾਂ
ਦੇ ਪਿੰਜਰੇ ਵਿਚ ਬੰਦਾ ਫਸ ਕੇ
ਸੁੱਕ ਸੁੱਕ ਕੇ ਹੀ ਮਰ ਜਾਵੇ ।
ਇਹ ਧਰਤੀ ਵੀ ਕਾਹਦੀ ਧਰਤੀ
ਜਿੱਥੇ ਅਜੇ ਵੀ ਕਿਰਤੀ ਕਾਮਾ
ਅੱਧ-ਭੁੱਖਾ, ਅੱਧ-ਕੱਜਿਆ ਰਾਤੀਂ
ਹਉਕਾ ਲੈ ਕੇ ਡੰਗ ਟਪਾਵੇ !
ਇਹ ਧਰਤੀ ਵੀ ਕਾਹਦੀ ਧਰਤੀ
ਜਿੱਥੇ ਅਜੇ ਵੀ ਸੋਚ ਮਨੁੱਖ ਦੀ
ਦਿਨ ਰਾਤ ਪਈ ਲੰਮੇ ਚੌੜੇ
ਕਿੰਨੇ ਕਬਰਿਸਤਾਨ ਬਣਾਵੇ ।
ਇਹ ਧਰਤੀ ਵੀ ਕਾਹਦੀ ਧਰਤੀ
ਜਿੱਥੇ ਅਜੇ ਵੀ ਜੰਗ ਦੀ ਹੋਣੀ
ਪੀ ਪੀ ਕੇ ਰੱਤ ਮਾਨਵਤਾ ਦੀ
ਨਿੱਤ ਮਾਰੂ ਦਾ ਰਾਗ ਅਲਾਵੇ ।

ਜੰਗ ਦਾ ਭੂਤ

ਸਾਮਰਾਜ ਦੇ ਸਿਵਿਆਂ ਵਿੱਚੋਂ
ਇਹ ਜੋ ਜੰਗ ਦਾ ਭੂਤ ਚੰਬੜਿਆ
ਲੱਭੋ ਕੁਲ ਦੁਨੀਆਂ ਦੇ ਲੋਕੋ
ਲੱਭੋ ਵੇ ਕੋਈ ਇਹਾ ਸਿਆਣਾ
ਜਿਹੜਾ ਪਿਆਰ ਦਾ ਮੰਤਰ ਪੜ੍ਹ ਕੇ
ਛੇਤੀ ਏਸ ਭੂਤ ਨੂੰ ਕੱਢੇ
ਕਿਧਰੇ ਸਾਡੀ ਰੰਗਲੀ ਧਰਤੀ
ਸਿਵਿਆਂ ਵਿਚ ਹੀ ਨਾ ਵਟ ਜਾਵੇ ।

ਵੇ ਲੋਕੋ !

ਹੱਥ ਜਿਨ੍ਹਾਂ ਦੇ ਆਵਣ ਕੁੰਜੀਆਂ,
ਸੋਈ ਲੁੱਟ ਲੈ ਜਾਣ ਵੇ ਲੋਕੋ।

ਵਾਰੀ ਵਾਰੀ ਭੇਸ ਵਟਾ ਕੇ
ਆ ਜਾਂਦੇ ਸ਼ੈਤਾਨ ਵੇ ਲੋਕੋ।

ਕੂੜ ਕਪਟ ਤੇ ਹੇਰਾ-ਫੇਰੀ,
ਇਹਨਾਂ ਦਾ ਈਮਾਨ ਵੇ ਲੋਕੋ।

ਗ਼ੈਰਾਂ ਤੋਂ ਜੋ ਬਚੀਆਂ ਹੱਡੀਆਂ,
ਚੂੰਡ ਚੂੰਡ ਕੇ ਖਾਣ ਵੇ ਲੋਕੋ।

ਬੋਲੀ ਧਰਮ ਮੁਲਕ ਦੇ ਨਾਂ ਤੇ
ਸਾਨੂੰ ਰੋਜ ਲੜਾਣ ਵੇ ਲੋਕੋ।

ਕੌੜੇ ਭਾਗੋ ਬਣ ਬਣ ਬਹਿੰਦੇ,
ਨਾਨਕ ਦੇ ਦਰਬਾਨ ਵੇ ਲੋਕੋ।

ਰਾਮ ਰਾਜ ਦੇ ਨਾਂ ਦੇ ਉੱਤੇ
ਰਾਕਸ਼ ਕਹਿਰ ਕਮਾਣ ਵੇ ਲੋਕੋ।

ਜੋ ਵੀ ਸੱਚ ਦੀ ਬਾਣੀ ਬੋਲੇ,
ਸੂਲੀ ਉਸ ਚੜ੍ਹਾਣ ਵੇ ਲੋਕੋ।

ਅੰਬਰ ਸਾਰਾ ਆਹਾਂ ਢੱਕਿਆ,
ਧਰਤੀ ਲਹੂ ਲੁਹਾਣ ਵੇ ਲੋਕੋ।

ਹਰ ਪੱਤਾ ਹਰ ਡਾਲੀ ਰੋਵੇ,
ਕੀਤਾ ਬਾਗ਼ ਵੀਰਾਨ ਵੇ ਲੋਕੋ।

ਕਰਨਾ ਕਿਸੇ ਬਿਗਾਨੇ ਨੇ ਪਰ
ਸਾਡਾ ਨਹੀਂ ਕਲਿਆਣ ਵੇ ਲੋਕੋ।

ਸਾਰੇ ਆਪਣੇ ਫ਼ਰਕ ਮਿਟਾਈਏ,
ਕਿਰਤੀ ਅਤੇ ਕਿਰਸਾਨ ਵੇ ਲੋਕੋ।

ਇਕ ਮੁੱਠ ਹੋ ਕੇ ਲਾਈਏ ਸੱਭੇ,
ਸਾਂਝਾ ਅਸੀਂ ਤਾਣ ਵੇ ਲੋਕੋ।

ਪੂੰਜੀਵਾਦ ਜ਼ਬਰ ਨੂੰ ਪੁੱਟੀਏ,
ਕਰ ਦੈਂਤਾਂ ਦਾ ਘਾਣ ਵੇ ਲੋਕੋ।

ਅੱਟਣਾ ਵਾਲੇ ਹੱਥਾਂ ਦੀ ਫਿਰ,
ਉੱਚੀ ਹੋਵੇ ਸ਼ਾਨ ਵੇ ਲੋਕੋ।

ਏਸ ਮੰਚ ਤੇ

ਏਸ ਮੰਚ ਤੇ ਜੋ ਅਸਲੀ ਹੈ ਸਭ ਨਕਲੀ ਹੈ
ਹਰ ਖਲਨਾਇਕ ਪਹਿਨ ਮਖੌਟਾ ਵਾਰੋ ਵਾਰੀ
ਨਾਇਕ ਬਣ ਕੇ ਮੁੜ ਆਇਆ ਹੈ
ਹਰ ਵਾਰੀ ਤਾਂ
ਤੁਸੀਂ ਹੈ ਜੈ ਜੈ ਕਾਰ ਬੁਲਾਈ ।

ਏਸ ਸ਼ਹਿਰ ਤਾਂ
ਪਹਿਰੇਦਾਰਾਂ ਲੁੱਟ ਮਚਾਈ
ਤੇ ਜਿਨ੍ਹਾਂ ਨੇ
ਏਸ ਵਿਧਾਨ ਦੀ ਸਹੁੰ ਖਾਧੀ ਸੀ
ਸਭ ਤੋਂ ਪਹਿਲਾਂ ਆਪ ਉਨ੍ਹਾਂ ਨੇ
ਕੰਜ ਕੁਆਰੀਆਂ ਧਾਰਾਵਾਂ ਨੂੰ
ਅਗ਼ਵਾ ਕਰ ਬੇਪੱਤ ਕੀਤਾ ਹੈ ।

ਏਸ ਸਭਾ ਵਿਚ
ਸਾਰੇ ਹੀ ਤਾਂ ਦਰਯੋਧਨ ਹਨ
ਪੰਚਾਲੀ ਦੇ ਚੀਰ ਹਰਨ ਨੂੰ
ਦਰਸ਼ਕ ਬਣ ਕੇ ਕਦ ਤਕ ਏਦਾਂ
ਚੁੱਪ ਚੁਪੀਤੇ ਸਹਿਨ ਕਰੋਗੇ ?
ਦੰਭੀ ਤੇ ਕਾਇਰ ਬੰਦਿਆਂ ਨੂੰ
ਸਮਾਂ ਕਦੇ ਨਹੀਂ ਮਾਫ਼ ਕਰੇ ਗਾ ।

❖

ਗਿਰਗਟ

(ਬੋਗਸ ਯੂਨੀਅਨਾਂ ਦੇ ਪਾਖੰਡੀ ਲੀਡਰਾਂ ਨੂੰ)

ਆਗੂ ਬਣਨਾ ਕੀ ਔਖਾ ਹੈ
ਆਪਾਂ ਪੰਜ ਸੱਤ ਹੋ ਇਕੱਠੇ
ਨਵੀਂ ਯੂਨੀਅਨ ਹੋਰ ਬਣਾਈਏ ।
ਚੁੱਪ-ਚੁਪੀਤੇ ਕਿਧਰੇ ਬਹਿ ਕੇ,
ਪ੍ਰਧਾਨ ਸਕੱਤਰ ਤੇ ਬਾਕੀ ਦੇ
ਅਹੁਦੇਦਾਰਾਂ ਦੀ ਇਕ ਸੂਚੀ
ਸਰਬ ਸੰਮਤੀ ਨਾਲ ਛਪਾਈਏ ।
ਏਸ਼ ਖ਼ੁਸ਼ੀ ਵਿਚ ਸ਼ਾਮੀਂ ਜਾ ਕੇ
ਠੇਕੇ ਦੇ ਵਿਚ ਮੌਜ ਉਡਾਈਏ ।
ਫ਼ਿਕਰ ਖ਼ਰਚ ਦਾ ਹੁਣ ਕੀ ਸਾਨੂੰ
ਭਲਕੇ ਸਭ ਅਖ਼ਬਾਰਾਂ ਦੇ ਵਿਚ
ਮੰਗਾਂ ਲਈ ਹੜਤਾਲ ਕਰਨ ਦਾ
ਗਰਮਾ ਗਰਮ ਬਿਆਨ ਕਢਾਈਏ ।
ਅਤੇ ਸਹਾਇਤਾ ਫ਼ੰਡ ਵਾਸਤੇ
ਧੜਾ ਧੜ ਚੰਦਾ ਉਗਰਾਹੀਏ ।
ਉੱਚ ਅਧਿਕਾਰੀ ਮੰਤ੍ਰੀਆਂ ਸੰਗ
ਸਾਰਾ ਸੌਦਾ ਪੱਕਾ ਕਰ ਕੇ
ਭੁੱਖ ਹੜਤਾਲ ਜਾਂ ਮਰਨ ਵਰਤ ਤੇ
ਨਿਸ਼ਚਿੰਤ ਹੋ ਕੇ ਬਹਿ ਜਾਈਏ ।
ਕੁਝ ਦਿਨ ਪਿੱਛੋਂ ਸਮਝੌਤੇ ਲਈ

ਨਵਾਂ ਫ਼ਾਰਮੂਲਾ ਮੰਨਵਾਈਏ
ਗਲ ਫੁੱਲਾਂ ਦੇ ਹਾਰ ਪਵਾ ਕੇ
ਆਪਣੀ ਜੈ-ਜੈ ਕਾਰ ਕਰਾਈਏ
ਲੋਹ ਪੁਰਸ਼ ਤੇ ਬੇ-ਫ਼ਿਰ ਨੇਤਾ
ਜ਼ਿੰਦਾ ਅਸੀਂ ਸ਼ਹੀਦ ਕਹਾਈਏ ।
ਕੰਮ ਕਰਨ ਦੀ ਲੋੜ ਭਲਾ ਕੀ ?
ਗੱਲਾਂ ਦਾ ਜਦ ਖੱਟਿਆ ਖਾਈਏ ।
ਹਰ ਭੋਲੇ ਭਾਲੇ ਬੰਦੇ ਨੂੰ
ਲਾਰੇ ਲਾਈਏ ਤੇ ਟਰਕਾਈਏ ।
ਚੁਸਤ ਸ਼ਿਕਾਰੀ ਵਾਂਗੂ ਘੁੱਗੀਆਂ
ਆਪਣੇ ਜਾਲ 'ਚ ਰੋਜ਼ ਫਸਾਈਏ
ਲੀਡਰ-ਸ਼ਾਹੀ ਬੈਗ ਉਠਾ ਕੇ
ਹਰ ਦਫ਼ਤਰ ਵਿਚ ਚੱਕਰ ਲਾਈਏ
ਆਪਣੀ ਚੌਧਰ ਨੂੰ ਚਮਕਾਈਏ ।
ਪਹਿਲਾਂ ਵਾਲੇ ਹਰ ਸਾਥੀ ਤੇ
ਜਲਸੇ ਦੇ ਵਿਚ ਚਿੱਕੜ ਸੁੱਟੀਏ
ਗਾਲ੍ਹਾਂ ਕੱਢੀਏ ਦੂਸ਼ਣ ਲਾਈਏ ।
ਹੋਰ ਅਸਾ ਹੈ ਕੀ ਪਲਟਾਣਾ ?
ਆਪਣੀ ਹੀ ਕਿਸਮਤ ਪਲਟਾਈਏ ।
ਗਿਰਗਟ ਵਾਂਗੂ ਸੌ ਸੌ ਵਾਰੀ
ਪਲ ਪਲ ਪਿੱਛੋਂ ਰੰਗ ਵਟਾਈਏ ।

ਲੀਡਰ

ਦਿਲ ਦੇ ਨੇ ਜੋ ਕਾਲੇ ਲੀਡਰ,
ਕਰਦੇ ਘਾਲੇ ਮਾਲੇ ਲੀਡਰ।
ਕੁਰਸੀ, ਦੌਲਤ, ਸ਼ੁਹਰਤ ਪਿੱਛੇ,
ਭੱਜੇ ਫਿਰਦੇ ਬਾਹਲੇ ਲੀਡਰ।
ਕਰਤੂਤਾਂ ਤੇ ਪਰਦੇ ਪਾ ਕੇ,
ਕਰਦੇ ਬਹੁਤ ਵਿਖਾਲੇ ਲੀਡਰ।
ਸਾਨੂੰ ਲੁੱਟ ਲੁੱਟ ਖਾਈ ਜਾਂਦੇ,
ਸਾਡੇ ਹੀ ਰਖਵਾਲੇ ਲੀਡਰ।
ਇਕਰਾਰਾਂ ਨੂੰ ਭੁੱਲ ਜਾਂਦੇ ਨੇ,
ਸਾਰੇ ਪੈਸੇ ਵਾਲੇ ਲੀਡਰ।
ਫ਼ਿਰਕੂ ਘਿਰਣਾ ਦੀ ਅੱਗ ਲਾ ਕੇ,
ਪਾਣੀ ਪਾਂਦੇ ਨਾਲੇ ਲੀਡਰ।
ਚਿੱਟਾ, ਨੀਲਾ ਕਦੀ ਸੰਤਰੀ,
ਬਾਣਾ ਬਦਲਣ ਹਾਲੇ ਲੀਡਰ।
ਮੱਛਰਾਂ ਵਾਂਗੂੰ ਘੂੰ ਘੂੰ ਕਰਦੇ,
ਐਨੇ ਕੌਣ ਸੰਭਾਲੇ ਲੀਡਰ।
ਇਹ ਘਰ ਉੱਜਲਾ ਹੋ ਜਾਵੇਗਾ,
ਲਹਿ ਜਾਵਣ ਜੇ ਜਾਲੇ ਲੀਡਰ।

ਪੁਨਰਜਨਮ

ਮੋਰੀਆਂ ਅੱਖਾਂ ਦੇ ਸਾਹਵੇਂ
ਕਾਨੂੰਨ ਦੇ ਰਾਖੇ ਜਦੋਂ,
ਵਹਿਸ਼ੀਆਂ ਦੇ ਵਾਂਗਰਾਂ
ਕਰਦੇ ਨੇ ਸੱਚ ਦੀ ਦੁਰਗਤੀ
ਤਾਂ ਮੁਰਦਿਆਂ ਦੀ ਭੀੜ ਵਿਚ
ਨਿਰਜਿੰਦਾਂ ਵਾਂਗ ਮੈਂ ਵੀ
ਕੁਸਕ ਤਕ ਸਕਦਾ ਨਹੀਂ।
ਧੂਹ ਰਹੇ ਹੁੰਦੇ ਨੇ ਸੱਚ ਨੂੰ
ਕਤਲਗਾਹ ਵਲ ਜਦ ਜੱਲਾਦ,
ਇਕ ਅਪਾਹਜ ਵਾਂਗ ਮੈਂ ਤਾਂ
ਹੱਥ-ਹੀਣਾ ਪੈਰ-ਹੀਣਾ
ਅਣਖ ਆਪਣੀ ਨੂੰ ਜਗਾ ਕੇ
ਕੁਝ ਵੀ ਕਰ ਸਕਦਾ ਨਹੀਂ
ਕੁਝ ਵੀ ਕਹਿ ਸਕਦਾ ਨਹੀਂ।

ਕੁਝ ਦਿਨਾਂ ਦੇ ਬਾਅਦ ਪਰ
ਸੱਚ ਦੇ ਇਸ ਕਤਲ ਕੀਤੇ ਜਾਣ ਦੀ
ਪੜ੍ਹ ਖਬਰ ਅਖ਼ਬਾਰ ਵਿਚ
ਕਰ ਰਿਹਾ ਹੁੰਦਾ ਹਾਂ ਜਦ ਮੈਂ
ਬੇਬਸੀ ਵਿਚ ਖ਼ੁਦਕਸ਼ੀ
ਤਾਂ ਉਹੀ ਸੱਚ—

ਮੁਸਕਰਾ ਪੈਂਦਾ ਹੈ ਮੇਰੇ ਸਾਮ੍ਹਣੇ
ਦੇਵਣ ਲਈ ਮੈਨੂੰ ਜ਼ਿੰਦਗੀ ।
ਮੇਰੀਆਂ ਉਂਗਲਾਂ ਦੇ ਵਿਚ ਫਿਰ
ਕਲਮ ਹੈ ਹਥਿਆਰ ਬਣਦੀ
ਗੀਤ ਲਿਖਦਾ ਹਾਂ ਮੈਂ ਹੁਣ ਤਾਂ
"ਮੌਤ ਵਰਗੀ ਜ਼ਿੰਦਗੀ ਤੋਂ ਹੈ ਚੰਗੇਰੀ
ਸੂਰਿਆਂ ਦੀ ਮੌਤ ਵੀ"

ਤਾਜ

ਜਦ ਸਭਨਾਂ ਦੀ ਮੰਜ਼ਿਲ ਇਕ ਹੈ,
ਫਿਰ ਅੱਵੇਂ ਕਿਉਂ ਵੱਖਰੇ ਵੱਖਰੇ
ਨਿੱਕੀਆਂ ਨਿੱਕੀਆਂ ਵਿੰਗ ਤੜਿੰਗੀਆਂ
ਪਗ-ਡੰਡੀਆਂ ਤੇ ਭਟਕ ਰਹੇ ਹੋ।
ਆਵੋ ਮਿਲ ਕੇ, ਇਕ ਸਿੱਧੇ
ਸ਼ਾਹ ਰਾਹ ਤੇ ਜੁੜੀਏ
ਘੱਤ ਵਹੀਰਾਂ
ਆਪਣੀ ਮੰਜ਼ਿਲ ਦੇ ਵਲ ਤੁਰੀਏ
ਗੂੜ੍ਹ ਹਨੇਰੇ ਰਾਹ ਜੋ ਰੋਕਣ
ਸੱਭੇ ਕੱਟੀਏ, ਪਰਬਤ ਟੱਪੀਏ
ਕੰਡੇ ਰੋੜੇ ਦੂਰ ਹਟਾਈਏ
ਮਾਰੂਥਲ ਵਿਚ ਸੁਪਨ ਉਗਾਉਂਦੇ
ਵਧਦੇ ਜਾਈਏ, ਵੱਧਦੇ ਜਾਈਏ
ਤੂਫ਼ਾਨਾਂ ਨੂੰ ਢੋਲ ਸਮਝ ਕੇ
ਛੱਲਾਂ ਵਿਚ ਵੀ ਭੰਗੜਾ ਪਾਈਏ
ਵੇਲ ਸ਼ਾਰਕਾਂ ਮਾਰ ਮੁਕਾਈਏ
ਤਾਜ ਕਿਰਤ ਦੇ ਸਿਰ ਪਹਿਨਾਈਏ

ਮਲਾਹ

ਮਾਈਕ ਸਾਹਵੇਂ ਰੌਲਾ ਪਾਂਦੇ
ਰੁੱਸੇ ਜਾਂਦੇ ਮਹਾ-ਕਵੀ ਨੂੰ
ਉਸ ਦੇ ਸਾਥੀ
ਮਿੰਨਤ ਕਰ ਹਨ ਮੋੜ ਲਿਆਏ ।
ਕਵੀ ਸੰਮੇਲਨ ਅੱਜ ਰਾਤ ਦਾ
ਨਿੱਕੀ ਮੋਟੀ ਗਰਮੀ ਪਿੱਛੋਂ
ਹੋ ਚੁਕਿਐ ਨਿਰਵਿਘਨ ਸਮਾਪਤ
ਅੱਗੇ ਤਾਂ ਇੰਝ ਨਹੀਂ ਸੀ ਹੋਇਆ ।
ਕੁਝ ਕੁ ਰੌਲੇ ਰੱਪੇ ਪਿੱਛੋਂ
ਪੈਸਿਆਂ ਦੀ ਵੀ
ਹੋ ਚੁੱਕੀ ਹੈ ਵੰਡ ਵੰਡਾਈ
ਬਿਨਾਂ ਲੜਾਈ ।
ਸਭ ਦੇ ਪਰਦੇ ਢੱਕਣ ਵਾਲੀ
ਰਾਤ ਦੀ ਕਾਲਖ ਵਧ ਚੁਕੀ ਹੈ
ਹੁਣ ਸਭਨਾਂ ਨੇ ਆਪਣੇ ਆਪਣੇ
ਹੱਥਾਂ ਦੇ ਵਿਚ ਜਾਮ ਫੜੇ ਹਨ ।
ਫਿਰ ਚੱਲ ਪਈਆਂ ਨੇ ਚਰਚਾਵਾਂ
ਸਭ ਤੋਂ ਬਹੁਤੀ ਕੌਣ ਏ ਪੀਂਦਾ ?
ਕੌਣ ਹੈ ਜਿਸ ਨੇ
ਇਸ਼ਕ ਦਾ ਕਾਲਾ ਮੰਤਰ ਪੂਰਾ
ਸਿੱਧ ਕੀਤਾ ਹੈ

ਜਿਸ ਦੇ ਪਿੱਛੇ ਪਰੀਆਂ ਦੇ ਹਨ
ਟੋਲੇ ਫਿਰਦੇ ।
ਕਿਸ ਕਿਸ ਕਵੀ ਅਤੇ ਕਵਿਤ੍ਰੀ ਦੇ ਆਪਸ ਵਿਚ
ਹਨ ਦਿਲ ਮਿਲਦੇ ।
ਏਸ ਹੁਨਰ ਵਿਚ ਹਰ ਸ਼ਾਇਰ ਹੁਣ
ਆਪਣੇ ਤਾਈਂ ਮਾਹਿਰ ਦੱਸੇ
ਕਿਹੜਾ ਫਾਡੀ ਰਹਿਣਾ ਚਾਹੇ ?
ਅੱਗੇ ਵਧਦੇ ਇਸ ਯੁਗ ਅੰਦਰ
ਪਿਛਾਂਹ-ਖਿੱਚੂ ਕੌਣ ਕਹਾਏ ?
ਜਦੋਂ ਮਲਾਹ ਹੀ ਨਿੱਕੇ ਨਿੱਕੇ
ਪਾਣੀ ਦੇ ਵਿਚ ਡੁਬਦੇ ਪਏ ਨੇ
ਬੇੜੀ ਦਾ ਤਾਂ ਰੱਬ ਰਾਖਾ ਏ !

ਸਾਹਿੱਤਕਾਰ

ਸਾਹਿੱਤ ਸਮੇਲਨ ਕਰਨ ਵਾਸਤੇ
ਏਸ ਸ਼ਹਿਰ ਵਿਚ ਸਾਹਿੱਤਕਾਰ ਹਨ
ਦੂਰੋਂ ਦੂਰੋਂ ਚਲ ਕੇ ਆਏ ।
ਸਾਹਿੱਤਕਾਰ ਇਹ ਜੋ ਸਮਝਣ
ਆਪਣੇ ਤਾਈਂ
ਇਸ ਧਰਤੀ ਦੇ ਚੰਨ ਤੇ ਸੂਰਜ
"ਰੂਸੋ ਠਾਕੁਰ ਟਾਲਸਟਾਏ"
ਥਾਉਂ ਥਾਈਂ ਗੁਟ ਬਣਾ ਕੇ
ਮੂੰਹ ਦੇ ਉਤੇ ਇਕ ਦੂਜੇ ਦੀ
ਉਪਮਾ ਕਰਦੇ ਰਤਾ ਨਾ ਸੰਗਦੇ
"ਵਾਹ ! ਵਾਹ ! ਤੇਰੀ ਰਚਨਾ ਦਾ ਕੀ ਕਹਿਣਾ
ਨਿਰਜਿੰਦ ਹੋ ਚੁਕੇ ਸਾਹਿੱਤ ਵਿਚ
ਤੂੰ ਹੈ ਇਕ ਨਵੀਂ ਲੀਹ ਪਾਈ
ਸ਼ਕਤੀ ਦਿੱਤੀ
ਕੀਤੀ ਸਭਨਾਂ ਦੀ ਅਗਵਾਈ ।"
ਸਾਹਿੱਤਕਾਰ ਉਹ ਭਾਗਾਂ ਵਾਲਾ
ਆਪਣੀ ਖੁਸ਼ੀ ਨੂੰ ਨੱਪ ਨੱਪ ਹੱਸੇ
ਤੇ ਇਉਂ ਆਖੇ—
"ਮੈਂ ਤਾਂ ਇਕ ਨਿਮਾਣਾ ਬੰਦਾ
ਜੋ ਜੀ ਆਵੇ ਐਵੇਂ ਹੀ ਬੱਸ

ਲਿਖ ਦੇਂਦਾ ਹਾਂ
ਇਹ ਹੈ ਸਭ ਤੁਸਾਂ ਦੀ ਕ੍ਰਿਪਾ
ਜੋ ਮੈਨੂੰ ਹੈ ਮਾਣ ਬਖ਼ਸ਼ਿਆ''
ਮਿੰਨਾ ਹਾਸਾ ਇਕ ਵਾਰੀ ਫਿਰ
ਸਾਰੇ ਹੱਸਣ
ਪ੍ਰਸ਼ੰਸਾ ਦੀ ਝੋਲੀ ਭਰ ਕੇ
ਜਦ ਉਹ ਰਤਾ ਪਰ੍ਹਾਂ ਤੁਰ ਜਾਵੇ
ਸਾਰੇ ਆਖਣ ਇਕ ਦੂਜੇ ਨੂੰ
''ਇਹ ਵੀ ਆਪਣੇ ਆਪ ਤਾਈਂ ਹੈ
ਵੱਡਾ ਸਾਹਿੱਤਕਾਰ ਸਮਝਦਾ।''

ਅਹਿਸਾਸ

ਮੇਰੀ ਰੋਟੀ ਹੁਣ ਮੈਨੂੰ
ਦੋ ਵਕਤ ਖਾਂਦੀ ਹੈ
ਤੇ ਮੇਰੀ ਕੋਠੜੀ ਦੀ ਛੱਤ
ਮੇਰੇ ਤੇ ਰੰਜ ਡਿੱਗਦੀ ਹੈ
ਕਿਉਂਕਿ ਓਦੋਂ ਮੇਰੇ ਸਾਹਵੇਂ
ਫੁੱਟ ਪਾਥਾਂ ਤੇ ਰੁਲਦੇ
ਹਜ਼ਾਰਾਂ ਲੋਕ ਹੁੰਦੇ ਨੇ।

ਮੇਰੀ ਕਲਮ ਜਦੋਂ
ਮੇਰੇ ਹੱਥਾਂ 'ਚ ਹੁੰਦੀ ਹੈ
ਤਾਂ ਇਉਂ ਲਗਦਾ ਹੈ
ਜਿਵੇਂ—ਵੀਤਕਾਂਗੀ ਮੋਰਚੇ ਵਿਚ
ਲੜ ਰਿਹਾ ਹੋਵਾਂ।
ਫਿਰ ਪਤਾ ਨਹੀਂ ਕਦ
ਭਰੀ ਪਸਤੌਲ ਕੋਈ
ਮੇਰੇ ਸੀਨੇ ਤੇ ਆਣ ਧਰਦਾ ਹੈ
ਤੇ ਸੱਚ ਮੇਰੇ ਹੋਠਾਂ ਤੇ
ਆਉਣ ਤੋਂ ਪਹਿਲਾਂ ਹੀ
ਦਮ ਤੋੜ ਲੈਂਦਾ ਹੈ।

ਸੋਚਦਾ ਹਾਂ—
ਹੋਰ ਕਿੰਨੀ ਦੇਰ ਤਕ
ਅਮਲਾਂ ਦੇ ਸ਼ੀਸ਼ੇ ਸਾਮ੍ਹਣੇ
ਮੇਰਾ ਕਰਮ ਹੀਣ ਆਪਾ
ਮਿੱਟੀ ਦਾ ਢੇਰ ਬਣਦਾ ਰਹੇਗਾ ।

ਜਨਮ ਦਿਨ

ਇਸ ਦਿਨ—
ਜਦੋਂ ਭੁੱਲ ਕੇ ਵੀ ਕੋਈ ਮੈਨੂੰ
ਮੁਬਾਰਕਬਾਦ ਦੇਂਦਾ ਹੈ
ਤਾਂ ਝੱਟ ਖ਼ਾਲੀ ਜੇਬਾਂ ਦੇ ਆਰੇ
ਮੇਰੇ ਹੱਥਾਂ ਨੂੰ ਕੱਟ ਦੇਂਦੇ ਹਨ
ਇਕ ਅਹਿਸਾਸ ਹੁੰਦਾ ਹੈ
ਸਮੇਂ ਦੇ ਹੋਰ ਤਿੰਨ ਸੌ ਪੈਂਠ
ਦੰਦਿਆਂ 'ਚ ਵਿੰਨ੍ਹਿਆਂ
ਲਹੂ ਲੁਹਾਨ ਹੋ ਚੁਕਿਐਂ।
ਨਵੇਂ ਚੱਕਰ 'ਚ ਛਲਣੀ
ਹੋਣ ਤੋਂ ਪਹਿਲਾਂ
ਨਾ ਹਾਸਾ ਹੈ
ਨਾ ਹੰਝੂ ਹਨ
ਨਾ ਪੀੜਾਂ ਦੀ ਹੀ ਪਰਵਾਹ ਹੈ
ਜੇ ਗ਼ਮ ਹੈ ਤਾਂ ਸਿਰਫ਼ ਏਹੋ
ਕਿ ਹੱਡੀਆਂ ਤੋੜ ਕੇ ਵੀ
ਕਿਉਂ ਮੈਂ ਦੰਦੇ ਤੋੜ ਨਹੀਂ ਸਕਿਆ ?

ਗ਼ਲਤ ਸਿਰਨਾਵੇਂ

ਮੈਂ ਤਾਂ ਉਸ ਖ਼ਤ ਦੇ ਵਾਂਗ ਹਾਂ
ਜਿਸ ਤੇ ਸਿਰਨਾਵਾਂ ਮੁਸੱਰਤ ਦੀ ਥਾਂ
ਮਸਾਣ ਲਿਖਿਆ ਗਿਆ ਹੋਵੇ
ਪਰ ਜਿਸ ਦੀ ਮੌਤ ਵੀ
ਮਹਿਬੂਬਾ ਨਹੀਂ ਬਣਦੀ ।

ਤੇ ਜਿਸ ਨੂੰ ਨਿੱਘੀ ਛੁਹ ਦੀ ਥਾਂ
ਫ਼ਿਕਰਾਂ ਦੀ ਅੱਗ ਨੇ ਝੁਲਸ ਦਿੱਤਾ ਹੈ
ਜਿਸ ਦੀ ਹਰ ਖ਼ਾਹਿਸ਼ ਦਾ
ਕਦਰ ਦੀ ਥਾਂ ਕਤਲੇਆਮ ਹੁੰਦਾ ਹੈ
ਤੇ ਵੱਜਦੇ ਹਨ ਫੁੱਲਾਂ ਦੀ ਥਾਂ
ਗ਼ਮਾਂ ਦੇ ਕੋਰੜੇ ਯਾਰੋ । -
ਸਿਰਨਾਵੇਂ ਲਿਖਣ ਵਾਲੇ ਹਨ
ਨਿਰੇ ਸ਼ੈਤਾਨ ਦੇ ਚਰਖੇ
ਹਰ ਮਾਸੂਮ ਨੂੰ ਜਿਹੜੇ
ਸਦਾ ਮਰਹੂਮ ਲਿਖਦੇ ਨੇ ।

ਫਿਰ ਵੀ ਉਨ੍ਹਾਂ ਅਹਿਮਕਾਂ ਨੂੰ
ਕਿਉਂ ਕੋਈ ਪੁੱਛਦਾ ਨਹੀਂ
ਜੋ ਰੋਜ਼ ਕਿੰਨੇ ਹੀ ਖ਼ਤਾਂ ਤੇ
ਗ਼ਲਤ ਹਰਫ਼ ਪਾਉਂਦੇ ਹਨ ।

ਡਾਕੀਏ ਤਾਂ—
ਐਵੇਂ ਹੀ ਸਾਡੇ ਗੁੱਸੇ ਦਾ
ਸ਼ਿਕਾਰ ਬਣਦੇ ਨੇ
ਉਹ ਤਾਂ ਆਪ ਐਸੇ ਪੱਤਰ ਹਨ
ਜਿਨ੍ਹਾਂ ਤੇ ਲਿਖੇ ਗਏ ਨੇ
ਬੜੇ ਹੀ ਗ਼ਲਤ ਸਿਰਨਾਵੇਂ ।

ਮਦਾਰੀ-ਨਾਮਾ

ਚੋਰ ਬਾਜ਼ਾਰੀ, ਮਿਲਾਵਟ, ਸਮਗਲਿੰਗ
ਜਿੰਨੀ ਵੀ ਚਾਹੋ, ਰੱਜ ਕੇ ਕਰੋ
ਪਰ ਇਲੈਕਸ਼ਨ ਫ਼ੰਡ, ਅਫ਼ਸਰਾਂ ਦਾ ਹਿੱਸਾ
ਜਿੰਨਾ ਬਣੇ ਵਕਤ ਤੇ ਪਹੁੰਚਾ ਦਿਉ
ਸੰਵਿਧਾਨ ਤੇ ਕਾਨੂੰਨ ਦੇ ਪਿੰਡੇ ਤੇ ਫਿਰ
ਜੂੰ ਤਕ ਨਹੀਂ ਸਰਕਣੀ
ਸਗੋਂ ਤੁਹਾਡਾ ਸ਼ੁਮਾਰ
ਸ਼ਹਿਰ ਦੇ ਪਤਵੰਤਿਆਂ ਦੀ
ਪਹਿਲੀ ਕਤਾਰ ਦੇ ਵਿਚ ਹੋਏਗਾ।

ਕੀ ਕਹਿੰਦੇ ਓ
ਲੋਕ ਮਰ ਜਾਣਗੇ—ਪਏ ਮਰਨ
ਬੇਕਾਰੀ ਤੇ ਵਧ ਰਹੀ ਵਸੋਂ ਦੀ
ਕੁਝ ਤਾਂ ਸਮੱਸਿਆ ਘਟੇਗੀ।
ਤੇ ਜੋ ਇੰਨਕਮ ਟੈਕਸ ਦੀ
ਹੇਰਾ ਫੇਰੀ ਦੀ ਗੱਲ ਕਰਦੇ ਹੋ
ਰਹਿਣ ਦਿਉ ਜੀ, ਛੱਡੋ ਪਰੇ
ਸਾਨੂੰ ਆਪਣੇ ਟੈਕਸ ਤੇ ਬਿਲ ਦੇਣੇ ਵੀ
ਕੋਈ ਔਖੇ ਨੇ
ਕਿਸੇ ਨੂੰ ਵੀ ਇਸ਼ਾਰਾ ਕਰ ਸਕਦੇ ਹਾਂ
ਪਰ ਸ਼ਰਾਫ਼ਤ ਵੀ ਤਾਂ ਕੋਈ ਚੀਜ਼ ਹੁਦੀ ਏ—

ਦੇਸ਼ ਦਿਆਂ ਸੇਵਾਦਾਰਾਂ ਤੇ
ਰਿਸ਼ਵਤ, ਕੁਨਬਾ ਪਰਵਰੀ ਦੇ
ਨਿੱਕੇ ਮੋਟੇ ਦੂਸ਼ਣ ਲਾਉਣੇ ਠੀਕ ਨਹੀਂ ।

ਤੁਸੀਂ ਗਿਲਾ ਕਰਦੇ ਹੋ
ਐਸੇ ਕਾਨੂੰਨ ਦੀ ਅਣਹੋਂਦ ਦਾ
ਜੋ ਸਰਮਾਏਦਾਰੀ ਦਾ ਸਫਾਇਆ ਕਰ ਸਕੇ
ਪਰ ਅਸੀਂ ਇਖ਼ਲਾਕ ਵਾਲੇ
ਲੂਣ ਖਾ ਕੇ ਹਰਾਮ ਕਿਵੇਂ ਕਰੀਏ ?
ਕੀ ਹੋਇਆ ਜੇ ਅਸੀਂ ਕੁਝ ਕਰਦੇ ਨਹੀਂ
ਤੁਸੀਂ ਸਾਨੂੰ ਦਾਦ ਦੇਵੋ
ਕਿ ਮਦਾਰੀਆਂ ਵਾਂਗੂੰ
ਕਿੰਨੀ ਛੇਤੀ ਭੇਸ ਵਟਾ ਕੇ
ਅਸੀਂ ਵੰਨ ਸੁਵੰਨੇ
ਨਾਅਰੇ ਲਗਾਉਂਦੇ ਹਾਂ !

ਅਹਿੰਸਾ ਅਤੇ ਸਮਾਜਵਾਦ

ਜਦੋਂ ਵੀ ਕਦੀ ਚਿੜੀਆਂ ਨੇ
ਕਿਸੇ ਜ਼ਾਲਮ ਬਾਜ਼ ਨੂੰ
ਉਸ ਦੇ ਜ਼ੁਲਮਾਂ ਦੀ
ਸਜ਼ਾ ਦਿੱਤੀ ਹੈ
ਤਾਂ ਪਹਿਰੇਦਾਰਾਂ ਨੇ
ਹਿੰਸਾ ਹਿੰਸਾ ਦਾ
ਖ਼ੂਬ ਸ਼ੋਰ ਪਾਇਆ ਹੈ।
ਪਰ ਜਦੋਂ ਚਿੱਟੇ ਬਗਲੇ
ਅਹਿੰਸਾ ਦਾ ਲਿਬਾਸ ਪਹਿਣ ਕੇ
ਰੋਜ਼ ਮਾਸੂਮ ਮੱਛੀਆਂ ਦਾ
ਆਹਾਰ ਕਰਦੇ ਨੇ
ਤਾਂ ਰੇਡੀਓ ਤੇ ਅਹਿੰਸਾ ਦੇ
ਗੀਤ ਵਜਦੇ ਹਨ।

ਜਦੋਂ ਕਦੇ ਵੀ ਕਿਸੇ ਸ਼ਾਹੀ ਮਹੱਲ ਦੇ
ਉੱਲੂ ਜਾਂ ਬਿੱਲ-ਬਤੌਰੀ ਨੇ
ਅਹਿੰਸਾ ਜਾਂ ਸਮਾਜਵਾਦ ਦਾ
ਨਾਅਰਾ ਲਗਾਇਆ ਹੈ
ਤਾਂ ਲੂੰਬੜ ਮੁਸਕ੍ਰਾਏ ਹਨ
ਭੇੜੀਏ ਤੇ ਗਿੱਦੜਾਂ ਨੇ
ਜਸ਼ਨ ਕੀਤੇ ਹਨ
ਘੁੱਗੀਆਂ ਗੁਟਾਰਾਂ ਦੀ

ਸ਼ਾਮਤ ਹੋਰ ਆਈ ਹੈ ।

ਬੱਕਰਾ ਜਾਣਦਾ ਹੈ
ਕਿ ਬੁੱਚੜਖ਼ਾਨੇ ਵਿਚ
ਰਾਮ, ਵਾਹਿਗੁਰੂ ਜਾਂ ਅੱਲਾ ਕਹਿਣ ਵਾਲੇ ਕਸਾਈ ਦੀ
ਕੀ ਨੀਅਤ ਹੁੰਦੀ ਹੈ
ਪਰ ਜਦੋਂ ਵੀ ਇਤਿਹਾਸ ਦੀ
ਸਹੀ ਪਾਸੇ, ਕਰਵਟ ਬਦਲਦੀ ਹੈ
ਤਾਂ ਸ਼ਬਦਾਂ ਦੇ ਅਰਥ ਅਸਲੀ ਹੁੰਦੇ ਨੇ
ਕੋਈ ਭੁਲੇਖਾ ਨਹੀਂ ਹੁੰਦੇ !

ਕਿਰਨਾਂ ਦਾ ਕਾਫ਼ਲਾ

ਤੁਸੀਂ ਕੌਣ ਹੋ ਜੋ ਮੈਨੂੰ
ਸੱਚ ਦੇ ਹਸ਼ਰ ਤੋਂ
ਜਾਣੂ ਕਰਾਉਂਦੇ ਹੋ
ਮੈਨੂੰ ਪਤਾ ਹੈ ਜੋ
ਸੁਕਰਾਤ ਨਾਲ ਬੀਤੀ ਸੀ
ਪਰ ਉਸ ਦੇ ਪਿੱਛੋਂ
ਜੋ ਅੰਜਾਮ ਹੋਇਆ ਸੀ
ਤਹਾਡਾ ਵੀ ਹੁਣ
ਉਹੀ ਅੰਜਾਮ ਹੋਵੇਗਾ ।

ਤੁਸੀਂ ਜ਼ਾਰ-ਸ਼ਾਹੀਆਂ ਦੇ ਸਾਕੇ ਦੁਹਰਾਉਂਦੇ ਹੋ
ਪਰ ਇਤਿਹਾਸ ਦਾ ਪਹੀਆ
ਅੱਧਾ ਨਹੀਂ
ਹੁਣ ਸਾਰਾ ਹੀ ਘੁੰਮੇਗਾ
ਮੇਰੀ ਕਲਮ ਨੂੰ
ਲੋਕਾ ਦੀ ਪੀੜਾ ਨੇ
ਚੰਡੀ ਬਣਾਇਆ ਹੈ
ਤੇ ਮੈਂ ਇਸ 'ਚੋਂ
ਉਹ ਸਾਰੀ ਅੱਗ ਉਗਲਾਂਗਾ
ਜਿਸ ਅੱਗ 'ਚ ਤੁਸੀਂ ਮੈਨੂੰ
ਮੇਰੇ ਜਨਮ ਤੋਂ ਜਲਾਇਆ ਹੈ

ਮੈਂ ਸੱਚੇ ਰਾਹਾਂ ਤੇ ਤੁਰਨ ਦਾ
ਜੋ ਇਕਰਾਰ ਕੀਤਾ ਹੈ
ਉਸ ਨੂੰ ਸਾਹਾਂ ਸੰਗ ਨਿਭਾਵਾਂਗਾ ।

ਤੁਸੀਂ ਜੋ ਵੀ ਕੀਮਤ ਕਹੋ
ਮੈਂ ਦੇਵਣ ਲਈ ਹਾਜ਼ਰ ਹਾਂ
ਕਿਸੇ ਇਕ ਦੇ ਤੁਰਨ ਨਾਲ
ਕੀ ਫ਼ਰਕ ਪੈ ਚਲਿਐ
ਸੱਚ ਨੂੰ ਕਿਹੜਾ ਹਥਿਆਰ ਵਿੰਨ੍ਹੇਗਾ ?
ਕਿਰਨਾਂ ਦਾ ਇਹ ਕਾਫ਼ਲਾ ਤਾਂ
ਨਿੱਤ ਵਧਦਾ ਹੀ ਜਾਣਾ ਹੈ ।

ਅਧੋਗਤੀ

ਦੋਸਤੋ ! ਇਹ ਜੋ—
ਆਪਣੀ ਪਿਸ਼ੌਰੀ ਤਿੱਲੇਦਾਰ ਚੱਪਲ ਤੇ
ਇਨਕਲਾਬ ਲਿਖ ਕੇ
ਜਾਂ ਹਿੱਪੀਆਂ ਦਾ ਵੇਸ ਕਰ ਕੇ
ਰੱਖ ਨਿਆਰਾ ਨਾਮ ਆਪਣਾ
ਗਲ 'ਚ ਪਾ ਕੇ ਹੱਡੀਆਂ
ਪਿੱਠ ਤੇ ਕੋਈ ਨਾਅਰਾ ਉਕਰ ਕੇ
ਵੋਦਕਾ ਜਾਂ ਜਿੰਨ ਪੀ ਕੇ
ਆਪਣੇ ਜਿਹੀ ਬੇਸੁਰ
ਅਰਥ-ਹੀਨ ਕਵਿਤਾ ਦੁਆਰਾ
ਜਾਂ ਹੁਸੀਨ ਕੁੜੀਆਂ ਦੇ
ਗੁਪਤ ਅੰਗ ਚਿੱਤਰ ਕੇ
ਪਲਟਣਾ ਚਾਹੁੰਦੇ ਨੇ ਯੁਗ
ਫਿਰ ਤਾਂ ਭਾਵੇਂ ਕਿਸੇ ਪਾਸੇ ਵੀ ਪਲਟੇ
ਇਹ ਯੁਗ ਜ਼ਰੂਰ ਪਲਟ ਜਾਵੇਗਾ ।

ਨਿਰਣਾ

ਮੰਨਿਆ ਕਿ ਬਾਹਰ ਬਹੁਤ ਨ੍ਹੇਰੀ ਹੈ
ਮੌਸਮ ਬਹੁਤ ਜ਼ਾਲਿਮ ਹੈ
ਪਰ ਇਉਂ ਬੈਠ ਕੇ ਅੰਦਰ
ਕਿਵੇਂ ਮੰਜ਼ਿਲ ਤੇ ਅਪੜਾਂਗੇ
ਹਿਮਾਲਾ ਦੀ ਸਿਖਰ ਤੇ
ਜਿਹੜੇ ਵੀ ਕਦਮ ਪੁੱਜਦੇ ਨੇ
ਉਨ੍ਹਾਂ ਨੂੰ—
ਹਰ ਮੁਸ਼ਕਿਲ ਪੜਾਅ ਤੋਂ
ਗੁਜ਼ਰਨਾ ਪੈਂਦੈ
ਮਲਾਹਾਂ ਡਰ ਤੂਫ਼ਾਨਾਂ ਤੋਂ
ਕਦੇ ਪੱਤਣ ਨਹੀਂ ਛੱਡੇ
ਮਛੂਏ ਤਾਂ ਕਪਰਛੱਲਾਂ 'ਚ ਹੀ
ਸ਼ਾਰਕ ਦਾ ਸ਼ਿਕਾਰ ਕਰਦੇ ਨੇ
ਇਸ ਤੋਂ ਪਹਿਲਾਂ ਕਿ ਇਹ ਮੌਸਮ
ਹਰੇ ਬੂਟੇ, ਪੀਲੇ ਹੋਰ ਕਰ ਦੇਵੇ
ਸਮਾਂ ਇਹ ਮੰਗ ਕਰਦਾ ਹੈ
ਕਿ ਮੌਸਮ ਦੀ
ਹਰ ਸਖਤੀ ਨੂੰ ਵੀ ਜਰੀਏ
ਤੇ ਇਸ ਦੇ
ਹਰ ਖ਼ੂਨੀ ਥਪੇੜੇ ਨਾਲ
ਸਾਰੇ ਜੂਝੀਏ ਲੜੀਏ

ਤੈਹਾਂ ਦੇ ਪਰਦਿਆਂ ਵਿਚ, ਛਿਪਣ ਦੇ ਨਾਲੋਂ
ਰੁੱਤ ਚੰਦਰੀ ਨੂੰ ਬਦਲਣ ਲਈ
ਹਰ ਤਦਬੀਰ ਹੁਣ ਕਰੀਏ
ਨਵੀਂ ਤਕਦੀਰ ਖੁਦ ਘੜੀਏ ।

ਝੁੱਗੀਆਂ ਵਾਲੇ

ਝੁੱਗੀਆਂ ਵਾਲੇ, ਬਾਬੇ ਨੂੰ ਜਦ
ਕੋਈ ਕਹਿੰਦਾ ਹੈ
ਹੁਣ ਤਾਂ ਦੇਸ਼ ਆਜ਼ਾਦ ਹੈ ਸਾਡਾ
ਲੋਕ ਰਾਜ ਦਾ ਯੁਗ ਹੈ ਆਇਆ
ਹੁਣ ਸਰਕਾਰਾਂ ਲੋਕ ਬਣਾਂਦੇ—
ਤਾਂ ਉਹ ਬੜੀ ਹੈਰਾਨੀ ਦੇ ਵਿਚ
ਇਉਂ ਕਹਿੰਦਾ ਹੈ—
ਸਾਨੂੰ ਤਾਂ ਜੀ ਪਤਾ ਹੈ ਏਨਾ
ਕਿ ਹਰ ਕੁਝ ਵਰ੍ਹਿਆਂ ਦੇ ਪਿੱਛੋਂ
ਸਾਨੂੰ ਜਿਹੜੇ ਵੀ ਪਿੰਡ ਹੋਈਏ
ਵੋਟਾਂ ਵੂਟਾਂ ਪਾਵਣ ਬਦਲੇ
ਧੜੀ ਧੜੀ ਮਿਲ ਜਾਵਣ ਦਾਣੇ
ਜਾਂ ਕੋਈ ਚਗਲੀ ਹੋਈ ਰਜਾਈ
ਜਾਂ ਸਭਨਾਂ ਨੂੰ ਜੀਆਂ ਸੇਤੀ
ਪੰਜ ਪੰਜ ਛਿੱਲੜ ਕਦੇ ਕਦਾਈਂ
ਨਹੀਂ ਤਾਂ ਇਹ ਵੀ ਡਰ ਹੁੰਦਾ ਹੈ
ਹੱਡੀਆਂ ਨਾ ਭੰਨ ਦੇਣ ਅਜਾਈਂ
ਮਿੱਟੀ ਦੀ ਚੁਲ੍ਹ ਅਤੇ ਕੁਨਾਲੀ
ਪੁਸ਼ਤਾਂ ਤੋਂ ਬਾਰਾਤ ਅਸਾਡੀ
ਆਪਣੇ ਪਿਉ ਦਾਦੇ ਦੇ ਵਾਂਗੂੰ
ਸਿਰਕੀਆਂ ਦੇ ਵਿਚ ਜੂਨ ਬਿਤਾਈ ਏ

ਬਿਨਾਂ ਕਸੂਰੋਂ ਕੁੱਟ ਪੁਲਸ ਤੋਂ
ਉਹ ਖਾਂਦੇ ਸਨ ਅਸੀਂ ਵੀ ਖਾਈਏ ।
ਖਵਰੇ ਏਸੇ ਨੂੰ ਹੁਣ ਲੋਕੀਂ
ਕਹਿੰਦੇ ਨੇ ਜੀ
ਰਾਜ ਆਪਣਾ ਤੇ ਆਜ਼ਾਦੀ
ਪਰ ਸਾਨੂੰ ਤਾਂ ਪਤਾ ਨਹੀਂ ਕੁਝ
ਹੋਰ ਵਧੇਰੇ
ਅਜੇ ਵੀ ਸਾਡੀ ਧੀ ਭੈਣ ਸੰਗ
ਮਿਲਖਾਂ ਵਾਲੇ
ਸਾਰਾ ਦਿਨ ਮਿਹਨਤ ਕਰਵਾ ਕੇ
ਧਿੰਗੋ ਜ਼ੋਰੀ ਜਦ ਜੀ ਚਾਹੇ
ਆਪਣੀ ਹਵਸ ਮਿਟਾ ਲੈਂਦੇ ਨੇ
ਓਹੀਓ ਫਟੇ ਪੁਰਾਣੇ ਜੁੱਲੇ
ਡੇਰੇ ਸਾਡੇ ਭੁੱਖ ਬਿਮਾਰੀ
ਨੰਗ ਧੜੰਗੇ ਸਾਡੇ ਬੱਚੇ
ਗਰਮੀ ਸਰਦੀ ਮਿੱਟੀ ਘੱਟੇ
ਮੀਂਹ ਹਨੇਰੀ ਦੇ ਵਿਚ ਰੁਲਦੇ
ਅਸੀਂ ਇਹਨਾਂ ਨੂੰ ਕੀ ਦੇਣਾ ਹੈ
ਰੋਟੀ ਤਕ ਤਾਂ ਦੇ ਨਹੀਂ ਸਕਦੇ
ਝੁੱਗੀਆਂ ਵਾਲੇ ਅਸੀਂ ਜੂ ਹੋਏ
ਜੇ ਆਜ਼ਾਦੀ ਇਹੀ ਕੁਝ ਹੈ
ਤਾਂ ਸਦੀਆਂ ਤੋਂ
ਅਸੀਂ ਆਜ਼ਾਦੀ ਮਾਣ ਰਹੇ ਹਾਂ
ਲੋਕ ਰਾਜ ਕੋਈ ਨਵੀਂ ਬਲਾ ਹੈ ?

ਆਜ਼ਾਦੀ

ਆਜ਼ਾਦੀ ?
ਉਹ ਤਾਂ ਸੰਸਦ ਭਵਨ ਦੇ
ਨੁਮਾਇਸ਼ੀ ਹਾਲ ਵਿਚ
ਵਿਧਾਨ ਦੇ ਪੰਨਿਆਂ 'ਚ ਲਿਪਟੀ
ਕੈਦ ਰਹਿੰਦੀ ਹੈ ।
ਅਸਲ ਆਜ਼ਾਦੀ ਤਾਂ
ਮਰ ਗਈ ਸੀ ਓਸੇ ਹੀ ਦਿਨ
ਜਦ ਕਰਵਾ ਲਏ ਸਨ ਤੁਸਾਂ
ਸਾਡੀ ਮਾਂ ਦੇ ਜਿਸਮ ਦੇ ਟੁਕੜੇ
ਤੇ ਖੜੀਆਂ ਕਰ ਦਿੱਤੀਆਂ ਸਨ
ਭਰਾਵਾਂ ਵਿਚਾਲੇ
ਲਹੂ, ਨਫ਼ਰਤ ਦੀਆਂ ਕੰਧਾਂ
ਪਰ ਹੁਣ ਜੇ ਕੋਈ
ਅਰਥ ਇਸ ਦੇ ਪੁੱਛਣਾ ਚਾਹੇ
ਤਾਂ ਪੁੱਛ ਸਕਦਾ ਹੈ
ਉਸ ਕਵੀ ਦੀ, ਜਵਾਨ ਪਤਨੀ ਤੋਂ
ਜਿਸ ਦੇ ਪਤੀ ਨੂੰ
ਸਚਾਈ ਕਹਿਣ ਦੇ ਬਦਲੇ
ਬੱਕਰੇ ਵਾਂਗ ਕੋਹਿਆ ਹੈ
ਬਘਿਆੜਾਂ ਦੇ ਟੋਲੇ ਨੇ ।
ਤੇ ਭਰੀ ਸੱਥ ਵਿਚ

ਜਿਸ ਦੇ ਸਹੁਰੇ ਦੀ
ਚਿੱਟੀ ਦਾੜ੍ਹੀ ਨੂੰ ਪੁੱਟਿਆ ਹੈ
ਸੱਸ ਤੇ ਨਣਦ ਜਿਸ ਦੀ ਨੂੰ
ਧੂਹਿਆ ਫੜ ਕੇ ਗੁੱਤਾਂ ਤੋਂ
ਵੱਜੇ ਹਨ ਜਿਸ ਦਿਆਂ
ਮਾਸੂਮ ਬੱਚਿਆਂ ਨੂੰ ਵੀ ਠੁੱਡੇ
ਤੇ ਖ਼ੁਦ ਜਿਸ ਨਾਲ ਕੀਤਾ ਗਿਆ ਹੈ
ਵੇਸਵਾ ਵਰਗਾ ਵਿਹਾਰ ।
ਅਜੇ ਜੇ ਕਸਰ ਬਾਕੀ ਹੈ
ਤਾਂ ਪੁੱਛ ਸਕਦਾ ਹੈ ਕੋਈ
ਉਸ ਬੱਚੀ ਦੀ ਲਾਸ਼ ਤੋਂ ਵੀ
ਆਜ਼ਾਦੀ ਦੇ ਅਰਥ
ਜਿਸ ਦੀ ਪਿੰਡੇ ਤੇ ਸੀ
ਫਟੀ ਲੀਰਾਂ ਕਮੀਜ਼
ਪੋਹ ਦੀ ਕਕਰੀਲੀ ਧੁੰਦ ਵਿਚ
ਜੋ ਕੁਚਲੀ ਗਈ
ਸਵੇਰਾ ਹੋਣ ਤੋਂ ਪਹਿਲੇ
ਕੋਲੇ ਚੁਗਦੀ, ਰੇਲ ਪਟੜੀ ਤੇ !
ਹੋਰ ਜਾਨਣਾ ਚਾਹੋ
ਤਾਂ ਜਾਣ ਸਕਦੇ ਹੋ
ਉਹਨਾਂ ਬੱਚੀਆਂ ਕੋਲੋਂ
ਜੋ ਗੁੱਡੀਆਂ ਪਟੋਲੇ
ਖੇਡਣ ਦੀ ਰੁੱਤੇ, ਢੋਂਦੀਆਂ ਨੇ
ਸਰਦਾਰਾਂ ਦੇ ਗੰਹੇ ਦੇ ਟੋਕਰੇ !
ਤੇ ਉਹ ਮੁੰਡਾ ਵੀ
ਬਣ ਸਕਦਾ ਹੈ

ਅੱਜ ਦੀ ਆਜ਼ਾਦੀ ਦਾ ਅਰਥ
ਜੋ ਕਰਦਾ ਹੈ, ਕਦੀ ਬੂਟ ਪਾਲਿਸ਼
ਤੇ ਕਦੀ
ਆਪਣੇ ਕੱਦ ਤੋਂ ਉੱਚੇ ਸਾਈਕਲ
ਪੁਲ ਤੇ ਚੜ੍ਹਾਉਂਦਾ ਹੈ।
ਆਜ਼ਾਦੀ ਦੇ ਅਰਥ—
ਪਤਝੜ ਦੇ ਪੀਲੇ ਪੱਤਰ
ਤਾਂ ਨਹੀਂ ਹੁੰਦੇ
ਉਹ ਤਾਂ ਸੂਹੇ ਮਹਿਕਦੇ
ਖਿੜੇ ਗੁਲਾਬ ਹੁੰਦੇ ਹਨ
ਜਿਨ੍ਹਾਂ ਦੀ ਅਜੇ ਰੁੱਤ ਆਉਣੀ ਹੈ।

ਦੁਸ਼ਮਣ

ਦੁਸ਼ਮਣ—
ਜੋ ਸਾਥੀਆਂ ਦੇ ਘਰਾਂ ਤੇ
ਅੱਗ ਤੇ ਜ਼ਹਿਰ ਦੇ ਗੋਲੇ ਵਰ੍ਹਾਉਂਦਾ ਹੈ
ਕਾਮਿਆਂ ਦੇ ਖ਼ੂਨ ਦੇ ਦਰਿਆ ਵਗਾਉਂਦਾ ਹੈ
ਜਦ ਤੁਸੀਂ ਓਸੇ ਹੀ ਦੁਸ਼ਮਣ ਦੇ ਦੂਤ ਨੂੰ
ਦਾਵਤਨਾਮੇ ਭੇਜ ਕੇ ਘਰ ਬੁਲਾਉਂਦੇ ਹੋ
ਮਿਲਣੀ ਤੇ ਜਾਮੇ-ਮੁਹੱਬਤ ਚੜ੍ਹਾਉਂਦੇ ਹੋ
ਤਾਂ ਕੀ ਤੁਸੀਂ ਆਦਮ-ਖਾਣਿਆਂ ਸੰਗ
ਲਹੂ ਦੇ ਘੁੱਟ ਨਹੀਂ ਪੀਂਦੇ ?
ਉਸ ਸਮੇਂ ਤੁਹਾਡਾ ਕਿਹੜਾ ਸਾਮਵਾਦੀ
ਇਨਕਲਾਬੀ ਸਿਧਾਂਤ ਕੰਮ ਕਰਦਾ ਹੈ ?
ਤੁਸੀਂ ਇਸ ਨੂੰ ਕੂਟ ਨੀਤੀ ਜਾਂ ਕੁਝ ਹੋਰ
ਜੋ ਵੀ ਜੀ ਚਾਹੇ ਪਏ ਆਖੋ
ਪਰ—ਮੈਂ ਤਾਂ ਇਸ ਨੂੰ ਮੱਕਾਰੀ
ਤੇ ਕੌਮੀ ਸਵਾਰਥ ਹੀ ਆਖਾਂਗਾ ।
ਮੇਰੇ ਕੰਨ ਬੋਲੇ ਨਹੀਂ
ਮੈਂ ਆਪਣੀ ਅਕਲ ਨੂੰ
ਕਿਸੇ ਕੋਲ ਗਹਿਣੇ ਨਹੀਂ ਰੱਖਿਆ
ਮੇਰਾ ਸਫ਼ਰ—
ਕਿਸੇ ਦੀ ਸੋਟੀ ਸਹਾਰੇ ਤਾਂ ਨਹੀਂ
ਮੈਂ ਆਪਣੀਆਂ ਅੱਖਾਂ ਤੇ

ਕਿਸੇ ਵੀ ਰੰਗ ਦੀ
ਕੱਸ ਕੇ ਪੱਟੀ ਨਹੀਂ ਬੰਨ੍ਹੀ
ਨਾ ਹੀ ਮੈਂ ਕਿਸੇ ਦੀ ਬਖ਼ਸ਼ਿਸ਼ ਦਾ
ਲੂਣ ਖਾਧਾ ਹੈ
ਜੇ ਸੱਚ ਨੂੰ ਕਹਿਣ ਤੋਂ ਪਹਿਲਾਂ
ਆਪੇ ਹੀ ਆਪਣੀ ਜੀਭ ਨੂੰ
ਦੰਦਾਂ ਹੇਠ ਟੁੱਕ ਦੇਵਾਂ
ਤੁਸੀਂ ਆਪਣੀਆਂ ਚਾਲਾਂ ਨੂੰ
ਜੋ ਵੀ ਮਰਜ਼ੀ ਕਹੋ
ਪਰ ਮੈਂ ਤਾਂ ਜੋ ਵੀ
ਦਿਲੇ—ਦਿਮਾਗ਼ ਕਹਿੰਦਾ ਹੈ
ਖ਼ਰੇ ਬਾਜ਼ਾਰ ਆਖਾਂਗਾ ।

ਨੇਤਰ-ਹੀਣ

ਕੁਝ ਸਿਰ-ਫਿਰੇ ਆਲੋਚਕ
ਜੋ ਸੁਖ ਨਿਵਾਸਾਂ 'ਚ ਵੱਸਦੇ ਨੇ
ਤੇ ਪਾਣੀ ਦੀ ਥਾਂ ਫ਼ਰਿਜ਼ 'ਚ ਲੱਗੀ
ਵਿਸਕੀ ਜਾਂ ਬੀਅਰ ਦੇ ਜਾਮ ਪੀਂਦੇ ਨੇ
ਤੇ ਜੋ ਹਰ ਛੁੱਟੀ ਨੂੰ
ਬਦੇਸ਼ੀ ਅਰਧ-ਨਗਨ ਫ਼ਿਲਮਾਂ ਦਾ
ਸਵਾਦ ਲੈਂਦੇ ਨੇ
ਤੇ ਜੋ ਰੋਜ਼ ਰਾਤ ਬਦਲਣ ਤੇ
ਹਮ ਬਿਸਤਰ ਬਦਲਦੇ ਨੇ
ਜਾਂ ਜਿਨ੍ਹਾਂ ਨੂੰ ਕੋਈ
ਕੁਰਸੀ ਮਿਲਣ ਦੀ ਆਸ ਹੁੰਦੀ ਏ
ਤੇ ਜੋ ਪੁਰਸਕਾਰਾਂ ਦੇ ਟੁੱਕੜਿਆਂ ਤੇ
ਲਾਲਾਂ ਵਗਾਉਂਦੇ ਨੇ
ਉਹਨਾਂ ਨੂੰ
ਅੱਜ ਦੀ ਲੋਕ ਕਵਿਤਾ ਚੋਂ
ਕੁਝ ਵੀ ਨਜ਼ਰ ਨਹੀਂ ਆਉਂਦਾ
ਉੱਲੂਆਂ ਦੀਆਂ ਅੱਖਾਂ ਨੂੰ
ਚਾਨਣ ਦਿਸ ਨਹੀਂ ਸਕਦਾ
ਇਹਨਾਂ ਅਖੌਤੀ ਸਾਹਿੱਤਕਾਰਾਂ ਨੂੰ
ਤੇ ਝੰਡਾ ਬਰਦਾਰਾਂ ਨੂੰ
ਜ਼ਿੰਦਗੀ ਦੀ ਕਵਿਤਾ ਚੋਂ

ਹਥੌੜੇ ਦਾਤੀਆਂ ਸਿੱਟਿਆਂ ਦੀ ਗੱਲ
ਬਹੁਤ ਚੁੱਭਦੀ ਹੈ
ਇਹਨਾਂ ਨੂੰ ਤਾਂ ਕਤਲਗਾਹਾਂ 'ਚ
ਦਿੱਤੇ ਜਾ ਰਹੇ ਤਸੀਹੇ
ਝੂਠ ਲਗਦੇ ਨੇ
ਇਹਨਾਂ ਨੂੰ ਪਾਟੀਆਂ ਲੀਰਾਂ
ਅੱਟਣਾ ਲਾਸ਼ਾਂ, ਹਨੇਰੀਆਂ ਝੁੱਗੀਆਂ
ਲੂ 'ਚ ਸੜ ਰਹੇ ਜਾਂ ਪਾਲੇ ਠਰ ਰਹੇ
ਭੁੱਖੇ ਲੋਕਾਂ ਦੇ ਵਰਣਨ ਤੋਂ
ਬੋਅ ਤੇ ਕਚਿਆਣ ਆਉਂਦੀ ਹੈ
ਅਤੇ ਹੱਕਾਂ ਲਈ ਜੂਝਦੇ
ਆਪਣੇ ਲੋਕਾਂ ਦੇ ਜਸ ਤੋਂ
ਡਰ ਲੱਗਦਾ ਹੈ
ਇਹਨਾ ਤੇ ਕੀ ਗਿਲਾ ਕਰਨਾ
ਇਹ ਉਹਨਾਂ ਲੋਕਾਂ ਚੋਂ ਹਨ
ਜੋ ਹਰ ਸਾਲ
ਭਗਤ ਤੇ ਕਰਤਾਰ ਦੀ
ਬਰਸੀ ਮਨਾਉਂਦੇ ਹਨ
ਤੇ ਅੱਜ ਵੀ ਉਹਨਾਂ ਨੂੰ
ਫਾਂਸੀ ਤੇ ਚੜ੍ਹਾਉਂਦੇ ਹਨ
ਅੱਜ ਦੀ ਕਵਿਤਾ ਜਦੋਂ
ਵਿਹਲੜ ਲੋਟੂਆਂ ਤੇ ਜਾਬਰਾਂ ਦੇ
ਗਲ ਘੁੱਟਣ ਦਾ ਜ਼ਿਕਰ ਕਰਦੀ ਹੈ
ਤਾਂ ਇਹ ਖੁਰਦਰੇ ਹੱਥਾਂ ਨੂੰ
ਆਪਣੀ ਸੰਘੀ ਤੇ ਮਹਿਸੂਸ ਕਰਦੇ ਨੇ।
ਫਿਰ ਇਹਨਾਂ ਨੂੰ
ਅੱਜ ਦੀ ਕਵਿਤਾ 'ਚੋਂ
ਕਿਵੇਂ ਕੁਝ ਨਜ਼ਰ ਆ ਸਕਦੈ ?

ਗ਼ਜ਼ਲ

ਦੀਵੇ ਜਗਦੇ ਰਹੇ, ਲੋਅ ਖਿੰਡਾਂਦੇ ਰਹੇ,
ਨ੍ਹੇਰਿਆਂ ਦਾ ਮੂੰਹ ਚਾਨਣ ਚਿੜਾਂਦੇ ਰਹੇ।

ਲੂ ਤਾਂ ਵਗਦੀ ਰਹੀ ਗੜੇ ਵਰ੍ਹਦੇ ਰਹੇ,
ਫੁੱਲ ਕੰਡਿਆਂ ਤੇ ਵੀ ਮੁਸਕ੍ਰਾਂਦੇ ਰਹੇ।

ਕੰਡੇ ਅੰਗਿਆਰ ਪਰਬਤ ਟੱਪ ਸਾਗਰਾਂ,
ਪਾਂਧੀ ਸੱਚ ਦੇ ਨੇ ਪੈਂਡੇ ਮੁਕਾਂਦੇ ਰਹੇ।

ਕੀਤੇ ਇਕਰਾਰ ਜਿਨ੍ਹਾਂ ਸੀ ਸੱਚੇ ਦਿਲੋਂ,
ਦੇ ਕੇ ਜੀਵਨ ਉਹ ਵਾਅਦੇ ਨਿਭਾਂਦੇ ਰਹੇ।

ਸਿਰ ਨੂੰ ਧਰ ਕੇ ਤਲੀ ਤੇ ਵਧੇ ਹਾਂ ਅਸੀਂ,
ਵੈਰੀ ਜਦ ਵੀ ਕਦੀ ਅਫ਼ਮਾਂਦੇ ਰਹੇ।

ਸਾਡੇ ਹਮਦਰਦ ਉਹ ਹੋ ਸਕਦੇ ਨਹੀਂ,
ਸਾਡੀ ਮਿਹਨਤ ਨੂੰ ਜਿਹੜੇ ਚੁਰਾਂਦੇ ਰਹੇ।

ਹੱਥ ਖ਼ੂਨੀ ਮਿਟਾਵਣਗੇ ਉਹਨਾਂ ਨੂੰ ਕੀ,
ਜਿਹੜੇ 'ਕੁਲਵੰਤ' ਮਹਿਕਾਂ ਖਿਡਾਂਦੇ ਰਹੇ।

❖

ਗ਼ਜ਼ਲ

ਆਓ ਰਲ ਕੇ ਸੋਚੀਏ ਦੁੱਖਾਂ ਦੀ ਗੱਲ।
ਆਓ ਮਿਲ ਕੇ ਢੂੰਡੀਏ ਭੁੱਖਾਂ ਦਾ ਹੱਲ।

ਮਿਹਨਤ ਸਾਡੀ ਨੂੰ ਚੁਰਾ ਲੈ ਜਾਂਵਦੇ,
ਝੂਠ ਐਵੇਂ ਆਖਦੇ ਕਰਮਾਂ ਦਾ ਫਲ।

ਧਰਮ ਸਰਹੱਦਾਂ ਨੇ ਸਾਨੂੰ ਪਾੜਿਆ,
ਹੈ ਸਮਾਂ ਅਜੇ ਵੀ ਜਾਈਏ ਸੰਭਲ।

ਹੋਣ ਕੁਝ ਕਿਰਨਾਂ ਹਨੇਰਾ ਖਾ ਲਵੇ,
ਬਣ ਗਏ ਸੂਰਜ ਤਾਂ ਕਿੰਝ ਸਕੂ ਨਿਗਲ।

ਆਓ ਹੁਣ ਝੁਲੀਏ ਹਨੇਰੀ ਵਾਂਗਰਾਂ,
ਇਹ ਘੜੀ ਹੱਥਾਂ 'ਚੋਂ ਨਾ ਜਾਵੇ ਨਿਕਲ।

ਬੂੰਦ ਬੂੰਦ ਗਿਰ ਥਲੀਂ ਮਿਟਦੇ ਰਹੇ,
ਪਰ ਮਹਾਂ ਸਾਗਰ ਅਸੀਂ ਜੇ ਜਾਈਏ ਰਲ।

ਚੰਦ ਇਹ ਤਾਰੇ ਤਾਂ ਸਾਡੇ ਦਾਸ ਨੇ,
ਭਾਗ ਆਪਣੇ ਕਿਉਂ ਨਹੀਂ ਸਕਦੇ ਬਦਲ।

ਲੈ ਜਦੋਂ ਨੈਣਾਂ 'ਚ ਸੁਪਨੇ ਤੁਰ ਪਏ,
ਕੌਣ ਮੰਜ਼ਿਲ ਤੋਂ ਉਰਾਂ ਸਕੇਗਾ ਠੱਲ੍ਹ।

ਗ਼ਜ਼ਲ

ਭਾਵੇਂ ਭੁੱਖਾਂ ਮਾਰੇ ਲੋਕ।
ਫਿਰ ਵੀ ਕਦੇ ਨਾ ਹਾਰੇ ਲੋਕ।

ਤੁਰਦੇ ਜਾਂਦੇ ਮੰਜ਼ਿਲ ਨੂੰ,
ਜਾਪਣ ਚੰਨ ਸਿਤਾਰੇ ਲੋਕ।

ਗੜ੍ਹ ਦੈਂਤਾਂ ਦੇ ਫੂਕਣ ਲਈ,
ਬਣ ਜਾਂਦੇ ਅੰਗਿਆਰੇ ਲੋਕ।

ਹੱਕਾਂ ਦੇ ਲਈ ਜੂਝ ਰਹੇ,
ਲਗਦੇ ਬੜੇ ਪਿਆਰੇ ਲੋਕ।

ਪਾਸਾ ਤਦੋਂ ਪਲਟਦਾ ਹੈ,
ਸਮਝਣ ਜਦੋਂ ਇਸ਼ਾਰੇ ਲੋਕ।

ਬਾਤ ਅਧੂਰੀ ਰਹਿੰਦੀ ਨਾ
ਭਰਦੇ ਜਦੋਂ ਹੁੰਗਾਰੇ ਲੋਕ।

ਮਾਲਕ ਤਖ਼ਤਾਂ ਤਾਜਾਂ ਦੇ,
ਜਦ ਵੀ ਉੱਠਣ ਸਾਰੇ ਲੋਕ।

ਗ਼ਜ਼ਲ

ਝੱਖੜਾਂ ਨੇ ਜਦ ਵੀ ਕੁਝ ਦੀਪ ਬੁਝਾਏ ਨੇ,
ਆਸਾਂ ਨੇ ਮੁੜ ਦੂਣੇ ਦੀਪ ਜਗਾਏ ਨੇ।

ਹੈਂਕੜ ਡਾਇਰ ਜਦ ਵੀ ਅਣਖ ਵੰਗਾਰੀ ਹੈ,
ਲੋਕਾਂ ਸਾਕੇ ਊਧਮ ਦੇ ਦੁਹਰਾਏ ਨੇ।

ਹਰ ਕਿਰਤੀ ਦੀ ਪੀੜਾ ਸਾਡੀ ਪੀੜਾ ਹੈ,
ਸਾਰੇ ਕਿਰਤੀ ਇਕੋ ਮਾਂ ਦੇ ਜਾਏ ਨੇ।

ਏਥੇ ਸਾਵਣ ਵਰ੍ਹਦਾ ਹੈ ਕੁਝ ਬਾਗ਼ਾਂ ਤੇ,
ਖੇਤ ਅਜੇ ਵੀ ਸਾਡੇ ਪਰ ਤਿਰਹਾਏ ਨੇ।

ਸਾਥੋਂ ਸਾਡੀ ਮੰਜ਼ਿਲ ਕਦ ਤਕ ਦੂਰ ਰਹੂ,
ਸਾਡੇ ਪੈਰਾਂ ਵਿਚ ਮੰਜ਼ਿਲ ਦੇ ਸਾਏ ਨੇ।

ਲੋਕਾਂ ਦੇ ਹੜ੍ਹ ਅੱਗੇ ਉਹ ਰੁੜ੍ਹ ਜਾਵਣਗੇ,
ਜਿਨ੍ਹਾਂ ਰੋੜੇ ਜਬਰਾਂ ਦੇ ਅਟਕਾਏ ਨੇ।

ਗ਼ਜ਼ਲ

ਆਪਣੇ ਰਾਹਾਂ 'ਚੋਂ ਸਭ ਪੱਥਰ ਹਟਾਈਏ ਸਾਥੀਓ ।
ਸੁਪਨਿਆਂ ਦੇ ਵਾਂਗ ਧਰਤੀ ਨੂੰ ਸਜਾਈਏ ਸਾਥੀਓ ।

ਪਿੱਛੋਂ ਤੁਰੇ ਜੋ ਕਾਫ਼ਲੇ ਅੱਗੇ ਨੇ ਲੰਘਦੇ ਜਾ ਰਹੇ,
ਆਪਣੇ ਕਦਮਾਂ 'ਚ ਕੁਝ ਤੇਜ਼ੀ ਲਿਆਈਏ ਸਾਥੀਓ ।

ਆਸਮਾਂ ਵਾਲੇ ਨਾ ਫਿਰ ਬਿਜਲੀ ਗਿਰਾ ਸਕਣ ਕੋਈ,
ਆਉ ਮਿਲ ਕੇ ਆਲ੍ਹਣਾ ਐਸਾ ਬਣਾਈਏ ਸਾਥੀਓ ।

ਢਾਲ ਬਣ ਜਾਈਏ ਅਸੀਂ ਤਲਵਾਰ ਬਣ ਜਾਈਏ ਅਸੀਂ,
ਹਰ ਫੁੱਲ ਹੰਰ ਟਾਹਣੀ ਨੂੰ ਜਾਬਰ ਤੋਂ ਬਚਾਈਏ ਸਾਥੀਓ ।

ਮੁੱਕੇ ਗ਼ਮਾਂ ਦੀ ਰਾਤ ਫਿਰ ਊਸ਼ਾ ਦੀ ਡਲ੍ਹਕੇ ਰੋਸ਼ਨੀ,
ਐਸਾ ਮਿਲ ਕੇ ਸਮੇਂ ਦਾ ਪਹੀਆ ਘੁੰਮਾਈਏ ਸਾਥੀਓ ।

ਸੁੱਤਿਆਂ ਨੂੰ ਜੋ ਜਗਾਵੇ ਜਾਗਦੇ ਮਿਲ ਕੇ ਤੁਰਨ,
ਹੋਸ਼ ਦੀ ਤੇ ਜੋਸ਼ ਦੀ ਕੋਈ ਗ਼ਜ਼ਲ ਗਾਈਏ ਸਾਥੀਓ ।

ਝੱਖੜਾਂ ਨੂੰ ਸੱਦਾ ਦੇ ਰਹੇ ਵੇਖੋ ਮਲਾਹ ਨੇ ਚੰਦਰੇ,
ਆਦਮ ਦੀ ਬੇੜੀ ਡੁੱਬਦੀ ਬੰਨੇ ਤੇ ਲਾਈਏ ਸਾਥੀਓ ।

ਗ਼ਜ਼ਲ

ਮੈਂ ਜੀ ਰਿਹਾ ਹਾਂ ਯਾਰੋ, ਇਸ ਆਸ ਦੇ ਸਹਾਰੇ,
ਧਰਤੀ ਤੇ ਵੇਖ ਜਾਵਾਂ ਕੁਝ ਸਵਰਗ ਦੇ ਨਜ਼ਾਰੇ।

ਹੋਇਆ ਕੀ ਲਗਨ ਸਾਡੀ ਸਾਨੂੰ ਜੇ ਰੋੜ੍ਹਿਆ ਹੈ,
ਸਾਡਾ ਸਿਦਕ ਅਸਾਨੂੰ ਲਾਵੇਗਾ ਫਿਰ ਕਿਨਾਰੇ।

ਮੰਜ਼ਿਲ ਦੇ ਪਾਂਧੀਆ ਓਇ ਹਿੰਮਤ ਨਾ ਹਾਰ ਬੈਠੀਂ,
ਇਕ ਹੋਰ ਮਾਰ ਹੰਭਲਾ ਪਈ ਸਫਲਤਾ ਪੁਕਾਰੇ।

ਇਹ ਰਾਤ ਗ਼ਮ ਦੀ ਮਿੱਤਰੋ, ਆਉ ਅਸੀਂ ਮੁਕਾਈਏ,
ਗਗਨਾਂ ਤੇ ਚਾੜ੍ਹ ਸੂਰਜ ਜੋ ਚਾਨਣਾ ਖਿਲਾਰੇ।

ਕਿਉਂ ਕੁੱਲੀਆਂ 'ਚ ਵੱਸਦੇ ਨਰਕਾਂ 'ਚ ਸੜ ਰਹੇ ਨੇ,
ਜਿਨ੍ਹਾਂ ਨੇ ਸਾਰੀ ਦੁਨੀਆਂ ਦੇ ਮਹਿਲ ਨੇ ਉਸਾਰੇ।

ਆਵੋ ਕਿ ਯੁਗ ਸੁਨਹਿਰੀ ਰਲ ਮਿਲ ਅਸੀਂ ਲਿਆਈਏ,
ਜਿਸ ਵਿਚ ਨਾ ਬਾਜ਼ ਕੋਈ ਘੁੱਗੀਆਂ ਤੇ ਝਪਟ ਮਾਰੇ।

ਆਪਣੇ ਲਈ ਤਾਂ ਹਰ ਕੋਈ ਜੀਵਨ ਗੁਜ਼ਾਰਦਾ ਹੈ,
ਜੀਵਨ ਹੈ ਅਸਲ ਉਸ ਦਾ ਜੋ ਹੋਰਨਾਂ ਲਈ ਵਾਰੇ।

ਸਭ ਮਿਹਨਤਾਂ ਦੇ ਮੋਤੀ ਜੇ ਲੁੱਟ ਕੇ ਲੈ ਗਏ ਨੇ,
ਅਰਸ਼ਾਂ ਦੇ ਤੋੜ ਸੁੱਟੀਏ ਉਹ ਟਿਮਟਿਮਾਂਦੇ ਤਾਰੇ।

ਗ਼ਜ਼ਲ

ਵੀਰਾਨਿਆਂ ਨੂੰ ਵੀ ਮੈਂ ਗੁਲਸਨ ਬਣਾ ਰਿਹਾ ਹਾਂ।
ਆਸਾਂ ਦੇ ਬਾਲ ਦੀਵੇ ਰਾਤਾਂ ਸਜਾ ਰਿਹਾ ਹਾਂ।

ਹਰ ਕਦਮ ਤੇ ਸਲੀਬਾਂ ਹਰ ਪੈਰ ਤੇ ਨੇ ਫੰਧੇ,
ਮੰਜ਼ਿਲ ਦੇ ਕੋਲ ਫਿਰ ਵੀ ਪੁੱਜਦਾ ਹੀ ਜਾ ਰਿਹਾ ਹਾਂ।

ਜਿੰਨਾਂ ਵੀ ਹੋਣੀਆਂ ਨੇ ਮੈਨੂੰ ਹੈਰਾਨ ਕੀਤੈ,
ਓਨਾ ਹੀ ਹੋਣੀਆਂ ਦਾ ਮੈਂ ਮੂੰਹ ਚਿੜਾ ਰਿਹਾ ਹਾਂ।

ਹਰ ਪੀੜ ਆਪਣੀ ਦਾ ਈਲਾਜ ਮਿਲ ਗਿਆ ਹੈ,
ਲੋਕਾਂ ਦੀ ਪੀੜ ਲੈ ਕੇ ਪੀੜਾਂ ਸੁਲਾ ਰਿਹਾ ਹਾਂ।

ਵੇਖੋ ਅਸਾਂ ਦੋਹਾਂ 'ਚੋਂ ਮੁੱਕਦਾ ਹੈ ਕੌਣ ਪਹਿਲਾਂ,
ਗ਼ਮ ਖਾ ਰਿਹਾ ਹੈ ਮੈਨੂੰ ਮੈਂ ਗ਼ਮ ਨੂੰ ਖਾ ਰਿਹਾ ਹਾਂ।

ਐਸੀ ਸ਼ਰਾਬ ਕਿਸ ਕੰਮ ਜੋ ਹੋਸ਼ ਨੂੰ ਸੁਲਾਵੇ,
ਗਾ ਚੇਤਨਾ ਦੇ ਨਗਮੇਂ ਸੁੱਤੇ ਜਗਾ ਰਿਹਾ ਹਾਂ।

ਆਉਂਦਾ ਨਹੀਂ ਹੈ ਮੈਨੂੰ ਗਰਦਨ ਝੁਕਾ ਕੇ ਜੀਣਾ,
ਮਕਤਲ 'ਚ ਤਾਨ ਸੀਨਾ ਮੈਂ ਮੁਸਕਰਾ ਰਿਹਾ ਹਾਂ।

ਗ਼ਜ਼ਲ

ਮਹਿੰਗਾਈ ਦਾ ਦੈਂਤ ਵਜਾਉਂਦਾ ਨਿਤ ਏਥੇ ਖੜਤਾਲਾਂ।
ਭੁੱਖ ਬੇਕਾਰੀ ਸਾਡੇ ਵਿਹੜੇ ਮਾਰੇ ਲੰਮੀਆਂ ਛਾਲਾਂ।

ਕਾਲੀ ਮੰਡੀ ਕੌਡਾਂ ਦੇ ਭਾਅ ਮਿਹਨਤ ਸਾਡੀ ਵਿਕਦੀ,
ਰੋਟੀ ਸਾਡੀ ਸਾਨੂੰ ਖਾਂਦੀ ਤਾਂ ਹੀ ਅਜੇ ਤਾਂ ਹਾਲਾਂ।

ਫ਼ਿਰਕੂ ਅੱਗਾਂ ਸਾਮਰਾਜ ਨੇ ਝੁਲਸੇ ਸਾਡੇ ਪਿੰਡੇ,
ਪੋਟਾ ਪੋਟਾ ਛਾਲੇ ਛਾਲੇ ਕਿਹੜੇ ਜ਼ਖ਼ਮ ਵਿਖਾਲਾਂ।

ਸੋਨਾ ਚਾਂਦੀ ਖੇਤਾਂ ਵਿਚੋਂ ਲੁੱਟ ਲੈ ਜਾਣ ਲੁਟੇਰੇ,
ਲੁੱਟਣਖ਼ੋਰਾਂ ਦੀ ਥਾਂ ਕਿਉਂ ਨਾ ਰਾਖੇ ਹੋਰ ਬਿਠਾਲਾਂ।

ਪੀੜਾ ਹੁੰਦੀ ਆਪਣੀ ਹੀ ਜੇ ਦੇ ਲੈਂਦਾ ਕੋਈ ਲੋਰੀ,
ਪਰ ਲੋਕਾਂ ਦੀ ਪੀੜ ਦਿਲੇ ਜੋ ਉਸ ਨੂੰ ਕਿਵੇਂ ਸੁਆਲਾਂ।

ਕੀ ਜਾਣਾ ਮੈਂ ਕਿਸ ਪਲ ਮੈਨੂੰ ਬਾਜ ਝਪੱਟਾ ਮਾਰਨ,
ਏਸੇ ਲਈ ਮੈਂ ਅਗਨੀ ਬਾਣਾਂ ਵਿਚ ਸ਼ੇਅਰਾਂ ਨੂੰ ਢਾਲਾਂ।

ਔੜਾਂ ਦੀ ਰੁੱਤ ਬਦਲਣ ਖ਼ਾਤਿਰ ਉੱਠੀਏ ਵਾਗ ਘਟਾਵਾਂ,
ਫਿਕਰਾਂ ਦੀ ਲੂ ਨਾ ਝੁਲਸਾਵੇ ਮੁੜ ਕੇ ਹਰੀਆਂ ਡਾਲਾਂ।

ਮੈਂ ਕੱਲ੍ਹਾ ਜੇ ਜਲ ਵੀ ਜਾਵਾਂ ਮਿਟਣਾ ਨਹੀਂ ਹਨੇਰਾ,
ਏਸੇ ਲਈ ਮੈਂ ਆਪਣੇ ਵਰਗੇ ਨਿੱਤ ਸੈ ਦੀਵੇ ਬਾਲਾਂ।

ਕੋਠੇ ਚੜ੍ਹ ਕੇ ਕੂਕ ਰਿਹਾ ਹਾਂ ਆਵੋ ਕੱਠੇ ਹੋਈਏ,
ਵੈਰੀ ਦੀ ਖ਼ੂਬ ਰਲ ਕੇ ਠੱਪੀਏ ਖੇਡ ਰਿਹਾ ਜੋ ਚਾਲਾਂ।

ਗ਼ਜ਼ਲ

ਰੁੱਤ ਲੰਘ ਜਾਵੇ ਨਾ ਇਹ ਐਵੇਂ ਸ਼ਬਾਬ ਦੀ,
ਆਓ ਕਿਸਮਤ ਬਦਲੀਏ ਰਾਵੀ ਚਨਾਬ ਦੀ।

ਰੱਤ ਪਾ ਕੇ ਸਿੰਜੀਏ ਉਹਨਾਂ ਦੀ ਬਾਗ਼ ਨੂੰ,
ਰੰਗਤ ਚੁਰਾ ਜੋ ਲੈ ਗਏ ਸਾਡੇ ਗੁਲਾਬ ਦੀ।

ਚੋਰੀ ਦੀ ਛੁਪ ਕਿੰਨਾ ਕੁ ਚਿਰ ਪੀਵੋਗੇ ਸ਼ੇਖ ਜੀ,
ਫਸ ਗਏ, ਪੁੱਛਾਂਗੇ ਤਦ ਹਾਲਤ ਜਨਾਬ ਦੀ।

ਪੰਡ ਕਿੰਝ ਜ਼ੁਲਮਾਂ ਦੀ ਚੁੱਕ ਨਸੋਗੇ ਜ਼ਾਲਮੋਂ,
ਆ ਗਈ ਜਦ ਵੀ ਘੜੀ ਅਸਲੀ ਹਿਸਾਬ ਦੀ।

ਕਿੱਥੇ ਲੁਕੋਗੇ ਹੁਣ ਬਈਮਾਨੋਂ ਲੁਟੇਰਿਓ,
ਛੱਡਣੀ ਨਹੀਂ ਇਕ ਲੀਰ ਵੀ ਲੋਕਾਂ ਨਕਾਬ ਦੀ।

ਜਾਮ ਭਰਿਆ ਹੋਏਗਾ ਸਭਨਾਂ ਦਾ ਉਸ ਸਮੇਂ,
ਜੰਮੇਗੀ ਮਹਿਫ਼ਲ ਜਦੋਂ ਵੀ ਸਾਡੀ ਸ਼ਰਾਬ ਦੀ।

ਗ਼ਜ਼ਲ

ਜੋ ਬੈਠ ਕਿਨਾਰੇ ਝੁਰਦੇ ਨੇ, ਉਹਨਾਂ ਨੂੰ ਕਿਨਾਰਾ ਮਿਲਣਾ ਕੀ,
ਜੇ ਧਾਰ ਇਰਾਦਾ ਠਿਲ੍ਹ ਪਈਏ, ਆ ਜਾਂਦਾ ਮਿਲਣ ਕਿਨਾਰਾ ਹੈ ।

ਆਵੋ ਕਿ ਮਿੱਤਰੋ ਰਲ ਮਿਲ ਕੇ, ਲੰਘ ਜਾਈਏ ਚੀਰ ਤੂਫ਼ਾਨਾਂ ਨੂੰ,
ਕੰਮ ਕਿਹੜਾ ਹੈ ਜੋ ਦੁਨੀਆਂ ਦਾ, ਹਿੰਮਤ ਦੇ ਸਾਹਵੇਂ ਭਾਰਾ ਹੈ ।

ਸੌ ਵਾਰੀ ਕੱਲ੍ਹਿਆਂ ਕੱਲ੍ਹਿਆਂ ਨੇ, ਮੱਥਾ ਤੁੜਵਾ ਕੇ ਵੇਖ ਲਿਆ,
ਹੈ ਦੇਰ ਇਕੱਠੇ ਹੋਵਣ ਦੀ, ਢਹਿ ਜਾਣਾ ਕੂੜ ਮੁਨਾਰਾ ਹੈ ।

ਆਵੋ ਹੁਣ ਆਪਣੇ ਹੱਕਾਂ ਲਈ, ਸੰਗਰਾਮ ਦੇ ਰਾਹ ਤੇ ਡੱਟ ਜਾਈਏ,
ਦੰਭੀਆਂ ਦੇ ਝੂਠੇ ਲਾਰੇ ਤੇ, ਨਾ ਹੁੰਦਾ ਹੋਰ ਗੁਜ਼ਾਰਾ ਹੈ ।

ਨੀਂ ਉਂਗਲੋ ਗ਼ਮ ਦੀ ਚਾਦਰ ਦਾ, ਤੁਸੀਂ ਪਰਦਾ ਲੀਰੋ ਲੀਰ ਕਰੋ,
ਹੋਇਆ ਕਿ ਸਵੇਰਾ ਹੋਇਆ ਬਸ, ਪਿਆ ਕਹਿੰਦਾ ਫ਼ਜਰ ਦਾ ਤਾਰਾ ਹੈ ।

ਇਸ ਜਗ ਵਿਚ ਕੰਮ ਕੀ ਨਾਗਾਂ ਦਾ, ਲੋਕਾਂ ਨੂੰ ਬਚਾਵੋ ਇਹਨਾਂ ਤੋਂ,
ਮਿਹਨਤ ਨੇ ਧਰਤ ਸ਼ਿੰਗਾਰੀ ਹੈ, ਮਿਹਨਤ ਦਾ ਹੀ ਜਗ ਸਾਰਾ ਹੈ ।

ਗ਼ਜ਼ਲ

ਜਿਸ ਦਿਲ ਵਿਚ ਦਰਦ ਨਹੀਂ, ਉਹ ਦਿਲ ਨਹੀਂ ਬੰਦੇ ਦਾ,
ਜੋ ਦਰਦੋਂ ਸੱਖਣਾ ਏਂ, ਇਨਸਾਨ ਨਹੀਂ ਹੈ।
ਕੀ ਪੂਜਾ ਤੋਂ ਲੈਣਾ ਏਂ ਕੀ ਪਾਠਾਂ ਨੂੰ ਕਰਨਾ ਏਂ,
ਅਮਲਾਂ ਤੋਂ ਬਿਨਾਂ ਕੋਈ ਈਮਾਨ ਨਹੀਂ ਹੈ।
ਜੋ ਜ਼ੁਲਮਾਂ ਨੂੰ ਤੱਕ ਕੇ ਵੀ ਮਸਤੀ ਵਿਚ ਰਹਿੰਦਾ ਏ,
ਪੱਥਰ ਹੈ ਉਹ ਬੁਤ ਲੋਕੋ ਭਗਵਾਨ ਨਹੀਂ ਹੈ।
ਹੱਕ ਦੱਬਣੇ ਲੋਕਾਂ ਦੇ ਰੱਤ ਪੀਣੀ ਮਜ਼ੂਰਾਂ ਦੀ,
ਹਜ਼ਰਤ ਜਾਂ ਗੋਬਿੰਦ ਦਾ ਫ਼ਰਮਾਨ ਨਹੀਂ ਹੈ।
ਸੱਚ ਸੂਲੀ ਤੇ ਲਟਕੇਗਾ ਓਨਾ ਚਿਰ ਏਵੇਂ ਹੀ,
ਜਿਤਨਾ ਚਿਰ ਕਾਤਿਲ ਦੀ ਪਹਿਚਾਨ ਨਹੀਂ ਹੈ।
ਮੈਂ ਕਿੱਦਾਂ ਮੰਨ ਜਾਵਾਂ ਆਜ਼ਾਦੀ ਤੇ ਖੁਸ਼ਹਾਲੀ,
ਝੁੱਗੀਆਂ ਦੇ ਵਿਹੜੇ ਵਿਚ ਮੁਸਕਾਨ ਨਹੀਂ ਹੈ।
ਜੋ ਪਾਪ ਕਮਾਂਦਾ ਹੈ ਹਰਾਮ ਵੀ ਖਾਂਦਾ ਹੈ,
ਉਸ ਕਾਜ਼ੀ ਨੂੰ ਕਿੰਝ ਆਖਾਂ ਸ਼ੈਤਾਨ ਨਹੀਂ ਹੈ।
ਸ਼ੁਹਰਤ ਤੇ ਪੈਸੇ ਨੂੰ ਕਿਸੇ ਹੋਰ ਨੂੰ ਦੇ ਦੇਵੋ,
ਮੈਨੂੰ ਬਖ਼ਸ਼ਿਸ਼ ਠੱਗਾਂ ਦੀ ਪ੍ਰਵਾਨ ਨਹੀਂ ਹੈ।
ਅੱਖੀਆਂ ਵਿਚ ਮੰਜ਼ਿਲ ਹੈ ਤੇ ਜਿਗਰਾ ਫ਼ੌਲਾਦੀ,
'ਕੁਲਵੰਤ' ਦਾ ਰਾਹ ਭਾਵੇਂ ਆਸਾਨ ਨਹੀਂ ਹੈ।

ਗੀਤ

ਅਸੀਂ ਚਾਨਣ ਵੰਡਦੇ ਜਾਣਾ
ਨੀ ਜਿੰਦੇ ਮਹਿਕਾਂ ਦਾ ਮਰੂਆ ਲਾਣਾ ।
ਇਹ ਚਾਨਣ ਸਾਡਾ ਬੱਦਲਾਂ ਡੱਕਿਆ
ਇਹ ਚਾਨਣ ਸਾਡਾ ਧੁੰਦਾਂ ਢੱਕਿਆ
ਅਸੀਂ ਬੱਦਲਾਂ ਨੂੰ ਚੀਰ ਹਟਾਣਾ
ਨੀ ਜਿੰਦੇ ਧੁੰਦਾਂ ਪਾੜ ਵਿਖਾਣਾ
ਅਸੀਂ ਚਾਨਣ ਵੰਡਦੇ ਜਾਣਾ.....।

ਇਹ ਜੋ ਦਿਸਦੇ ਸਾਗਰ ਖਾਰੇ
ਜੰਗਲ ਬੇਲੇ ਪਰਬਤ ਭਾਰੇ
ਅਸੀਂ ਮੂਲੋਂ ਨਾ ਘਬਰਾਣਾ
ਨੀ ਜਿੰਦੇ ਅੱਗੇ ਕਦਮ ਵਧਾਣਾ ।
ਅਸੀਂ ਚਾਨਣ ਵੰਡਦੇ ਜਾਣਾ.....।

ਥਾਂ ਥਾਂ ਬੈਠੇ ਰਾਹੂ ਕੇਤੂ
ਚੋਰ ਲੁਟੇਰੇ ਵਿਹਲੜ ਪੇਟੂ
ਅਸੀਂ ਇਹਨਾਂ ਦੀ ਅਲਖ ਮੁਕਾਣਾ
ਨੀ ਜਿੰਦੇ ਮਿਹਨਤ ਮੁਕਤ ਕਰਾਣਾ ।
ਅਸੀਂ ਚਾਨਣ ਵੰਡਦੇ ਜਾਣਾ.....।

ਇਹ ਜੋ ਚਲਦੀਆਂ ਤੇਜ਼ ਹਵਾਵਾਂ
ਕੀ ਰੋਕਣਗੀਆਂ ਸਾਡੀਆਂ ਰਾਹਾਂ
ਅਸੀਂ ਦੀਪ ਤੋਂ ਦੀਪ ਜਗਾਣਾ

ਨੀ ਜਿੰਦੇ ਝੱਖੜਾਂ ਵਿਚ ਮੁਸਕਾਣਾ ।
ਅਸੀਂ ਚਾਨਣ ਵੰਡਦੇ ਜਾਣਾ .....।

ਪਿਆਰ ਸਬਰ ਦਾ ਕਰ ਕੇ ਹੀਲਾ
ਕੱਠਾ ਕਰਨਾ ਤੀਲਾ ਤੀਲਾ
ਏਕੇ ਦਾ ਮਹਿਲ ਬਨਾਣਾ
ਨੀ ਜਿੰਦੇ ਵੰਡਾਂ ਦੀ ਵੱਟ ਢਾਣਾ ।
ਅਸੀਂ ਚਾਨਣ ਵੰਡਦੇ ਜਾਣਾ
ਨੀ ਜਿੰਦੇ ਮਹਿਕਾਂ ਦਾ ਮਰੂਆ ਲਾਣਾ ।

ਗੀਤ

ਮੈਂ ਗਗਨਾਂ ਵਿਚ ਉੱਡਣਾ ਲੋਚਾਂ
ਪਰ ਉਡਿਆ ਮੂਲ ਨਾ ਜਾਏ।
ਮਜਬੂਰੀ ਦਾ ਬਾਜ਼ ਕੁਲਹਿਣਾ
ਇਕੋ ਖੂਨੀ ਝੱਪਟੇ ਦੇ ਵਿਚ
ਖੰਭ ਮੇਰੀਆਂ ਆਸਾਂ ਦੇ ਸਾਰੇ
ਖੋਹ ਭੰਨ ਕੇ ਸੁੱਟ ਜਾਏ।
ਮੈਂ ਗਗਨਾਂ ਵਿਚ.....।

ਖੰਭ ਨਵੇਂ ਨਿਕਲਣ ਤੋਂ ਪਹਿਲਾਂ
ਇੱਲਾਂ ਗਿਰਝਾਂ ਤੇ ਉੱਲੂਆਂ ਦਾ
ਚਾਰ ਚੁਫੇਰੇ ਮੇਰੇ ਗਿਰਦੇ
ਸੌ ਝੁਰਮਟ ਮੰਡਲਾਏ।
ਮੈਂ ਗਗਨਾਂ ਵਿਚ.....।

ਨੀ ਜਿੰਦੇ ਹੁਣ ਪੀੜਾਂ ਦੀ ਥਾਂ
ਮਨ ਚੋਂ ਕੱਢ ਚਿੰਗਿਆੜੇ
ਹਰ ਚਿੰਗਿਆੜਾ ਜਾਬਰ ਸਾੜੇ
ਧੁੰਦ ਅੰਧਿਆਰ ਮਿਟਾਏ।
ਮੈਂ ਗਗਨਾਂ ਵਿਚ.....।

ਆਸਾਂ ਦੀ ਫਿਰ ਮੀਟੀ ਪੁੱਗੇ
ਯੁੱਗ ਲੋਕਾਂ ਦਾ ਆਏ
ਜਿਸ ਵਿਚ ਕਦੀ ਕੋਈ ਵੀ ਚੰਦਰਾ
ਸੁਪਨੇ ਮੂਲ ਨਾ ਢਾਏ।
ਮੈਂ ਗਗਨਾਂ ਵਿਚ ਉੱਡਣਾ ਲੋਚਾਂ
ਪਰ ਉਡਿਆ ਮੂਲ ਨਾ ਜਾਏ.....।

ਗੀਤ

ਉੱਠੋ ਮੇਰੇ ਹਾਣੀਓ ਤੇ ਉੱਠੋ ਮੇਰੇ ਸਾਥੀਓ
ਆਓ ਕੋਈ ਕਰੀਏ ਉਪਾਅ।
ਲੁੱਟੂਆਂ ਦੀ ਢਾਣੀ ਸਾਨੂੰ ਚੂੰਡ ਚੂੰਡ ਖਾਈ ਜਾਵੇ,
ਕਰ ਦਿੱਤਾ ਦੇਸ਼ ਨੂੰ ਤਬਾਹ।
ਪਾਟਿਆਂ ਲੰਗਾਰਾਂ ਲਈ ਲੀਰ ਵੀ ਨਾ ਜੁੜੇ ਸਾਨੂੰ,
ਪੱਟ ਰਹੇ ਚੋਰ ਨੇ ਹੰਢਾ।
ਸਾਡੀਆਂ ਝਾਂ ਝੁੱਗੀਆਂ 'ਚ ਗੋਡੇ ਗੋਡੇ ਨ੍ਹੇਰ ਅਜੇ
ਮਹਿਲਾਂ ਲਿਆ ਚਾਨਣਾ ਚੁਰਾ।
ਮਿਹਨਤਾਂ ਦਾ ਮੁੱਲ ਸਾਨੂੰ ਰੋਟੀ ਵੀ ਨਾ ਜੁੜੇ ਰੱਜ,
ਵਿਹਲੇ ਰਹੇ ਮੌਜ ਨੇ ਉਡਾ।
ਮਿੱਲਾ ਖੇਤਾਂ ਵਿਚ ਨਿੱਤ ਵਗਣ ਹਨੇਰੀਆਂ ਨਾ,
ਛਾਤੀਆਂ ਜੇ ਕੰਧਾਂ ਲੌ ਬਣਾ।
ਰੀਝਾਂ ਦੀਆਂ ਘੁੱਗੀਆਂ ਨਾ ਸਿੱਕਿਆਂ ਦਾ ਬਾਜ ਕੋਹੇ,
ਕਦਮਾਂ ਨੂੰ ਲਈਏ ਜੇ ਮਿਲਾ।
ਚਿੱਥੀਏ ਤਾਂ ਸਿਰ ਉਹਨਾਂ ਸੱਪਾਂ ਤੇ ਸਪੋਲੀਆਂ ਦੇ
ਜ਼ਹਿਰੀ ਡੰਗ ਰਹੇ ਜੋ ਚਲਾ।
ਜਾਬਰਾਂ ਦੀ ਧੌਣ ਜਿਹੜੀ ਆਕੜੇ ਗ਼ਰੂਰ ਵਿਚ,
ਧੌਣ ਦਈਏ ਤੋੜ ਕੇ ਨਿਵਾ।
ਸੂਹੀ ਸੂਹੀ ਸਰਘੀ ਦੀ ਵੇਲ ਲਾਈਏ ਧਰਤੀ ਤੇ,
ਦਈਏ ਸਭ ਕਾਲਖਾਂ ਮੁਕਾ।

ਗੀਤ

ਮੰਜ਼ਿਲ ਦੇ ਵਲ ਵੱਧਦੇ ਜਾਂਦੇ
ਵੀਅਤਨਾਮ ਦੇ ਜਾਏ
ਨ੍ਹੇਰੇ ਦੀ ਰੁੱਤ ਮੁੱਕਣ ਲੱਗੀ
ਚਾਨਣ ਦੀ ਰੁੱਤ ਪਈ ਆਏ ।
ਚਾਨਣ ਦੇ ਵਲ ਵੱਧਦੇ ਜਾਂਦੇ.....

ਹੱਕ ਉਹਨਾਂ ਤੋਂ ਕੌਣ ਖੋਹੇਗਾ
ਹੱਕ ਜੋ ਜਾਨਣ ਸੂਰੇ
ਜਿੰਦ ਵਾਰ ਕੇ ਆਜ਼ਾਦੀ ਲਈ
ਪੈਂਡੇ ਕਰਨ ਜੋ ਪੂਰੇ
ਉਹਨਾਂ ਦੀ ਕੁਰਬਾਨੀ ਅੱਗੇ
ਹਰ ਕੋਈ ਸੀਸ ਨਿਵਾਏ
ਮੰਜ਼ਿਲ ਦੇ ਵਲ ਵੱਧਦੇ ਜਾਂਦੇ.....

ਜੋ ਧਰਤੀ ਤੇ ਵੰਡੀਆਂ ਪਾਵਣ
ਛੱਡਣੇ ਨਹੀਂ ਕੁਲਹਿਣੇ
ਬੰਬ ਗੋਲੀਆਂ ਤੋਂ ਕੀ ਡਰਨਾ
ਇਹ ਤਾਂ ਸਮਝਣ ਗਹਿਣੇ
ਟੁਕੜੇ ਦੇਸ਼ ਦੇ ਹੋਣ ਨਾ ਦੇਂਦੇ
ਸੌ ਟੁਕੜਾ ਹੋ ਜਾਏ
ਮੰਜ਼ਿਲ ਦੇ ਵਲ ਵੱਧਦੇ ਜਾਂਦੇ.....

ਉਠੋ ਕੁਲ ਦੁਨੀਆਂ ਦੇ ਲੋਕੋ
ਕਿਉਂ ਆਪਸ ਵਿਚ ਵੰਡੇ
ਸਾਮਰਾਜ ਪਿਆ ਵਿਸ ਘੋਲਦਾ
ਕਿਉਂ ਬੈਠੇ ਹੋ ਕੰਢੇ
ਐਸਾ ਮਾਰੋ ਮਿਲ ਕੇ ਹੰਭਲਾ
ਸਿਰ ਨਾ ਕਦੀ ਉਠਾਏ,
ਮੰਜ਼ਿਲ ਦੇ ਵਲ ਵੱਧਦੇ ਜਾਂਦੇ.....

ਕੁਝ ਚਿਰ ਨੂੰ ਪ੍ਰਭਾਤ ਹੋਏਗੀ
ਕਿਰਨਾਂ ਕਿਕਲੀ ਪਾਣੀ
ਫੁੱਲ ਤੇ ਕਲੀਆਂ ਸਭ ਹੱਸਣਗੇ
ਸੁਪਨੇ ਹੋਣਗੇ ਹਾਣੀ
ਕਿਹੜਾ ਪਰਬਤ ਰੋਕ ਹੈ ਸਕਦਾ
ਕਿੰਝ ਸਾਗਰ ਅਟਕਾਏ
ਮੰਜ਼ਿਲ ਦੇ ਵਲ ਵੱਧਦੇ ਜਾਂਦੇ.....।

ਛਪ ੧੯੫੫ ਪੁਸਤਕ ਸਾਗਰ ਲਾਹੌਰ
ਛੱਲਾਂ ੩ ਤੇ

ਔਖੀ ਜੂਨੀ

ਬੁਖਤੰਤ ਸਮਾਰਕੀ

ਮੀਤ ਬਿਨਾ ਜਿੰਦ ਸਖਣੀ ਸਖਣੀ
ਪ੍ਰੀਤ ਬਿਨਾ ਜਿੰਦ ਊਣੀ ਊਣੀ
ਨਾਂਹ ਇਹ ਸੜਦੀ ਨਾਂਹ ਇਹ ਬੁਝਦੀ
ਹੌਕੇ ਲੈਂਦੀ ਧੁਖਦੀ ਰਹਿੰਦੀ
ਜਿਉਂ ਗਿੱਲੇ ਗੋਹੇ ਦੀ ਧੂਣੀ ।
ਭਰ ਜੋਬਨ ਜਾਂ ਰੂਪ ਮਤੀ ਕੋਈ
ਇਕੋ ਰਾਤੀਂ ਸੇਜ ਹੰਢਾ ਕੇ
ਹੋ ਜਾਇ ਹਾਇ ! ਕੰਤ ਵਿਹੂਣੀ ।
ਨਾ ਹੀ ਮਿੱਠੀ ਨਾ ਹੀ ਕੌੜੀ
ਚੂੰਡ ਚੂੰਡ ਰਸ ਜੋਕ ਬਿਰਹੋਂ ਦੀ
ਕਰ ਦੇਵੇ ਇਸ ਤਾਈਂ ਅਲੂਣੀ
ਸਾਹਾਂ ਦੇ ਤਕਲੇ ਦੇ ਉਪਰ
ਹਰਦਮ ਆਪਣਾ ਆਪ ਵਿੰਨ੍ਹਾਂਦੀ
ਤੰਦਾਂ ਦੀ ਥਾਂ ਆਹਾਂ ਕਢਦੀ
ਟੁੱਟਦੀ ਜਾਵੇ ਭੁਰਦੀ ਜਾਵੇ
ਜਿਉਂ ਹੋਵੇ ਲੋਗੜ ਦੀ ਪੂਣੀ ।
ਸੋਗਣ ਸੋਗਣ ਰੋਗਣ ਰੋਗਣ
ਰਹੇ ਨਿਮਾਣੀ ਨਿਮੋਝੂਣੀ
ਸ਼ਾਲਾ ! ਦਿਲਬਰ ਕਦੇ ਨਾ, ਵਿਛੜੇ
ਇਹ ਸਭਨਾਂ ਤੋਂ ਔਖੀ ਜੂਨੀ ।

ਜੋਗ ਕਮਾਈ

ਰਬਦੰਤ ਸਰਗਰੂ

ਕੀਤਾ ਵੇ ਤੇਰੇ ਬਿਰਹੋਂ ਕੀਮਾ ਕੀਤਾ
ਕੋਹਿਆ ਵੇ ਇਸ ਚੰਦਰੇ ਵਾਂਗ ਕਸਾਈ ।
ਕਮਲੀ ਵੇ ਮੈਨੂੰ ਕਮਲੇ ਲੋਕੀਂ ਕਹਿੰਦੇ
ਯਾਦਾਂ ਵੇ ਸਾਡੀ ਅਸਲੋਂ ਹੋਸ਼ ਗਵਾਈ ।
ਪਿਆਸਾ ਵੇ ਤੇਰੀ ਛੁਹ ਦਾ ਲੂੰ ਲੂੰ ਪਿਆਸਾ
ਤੜਫੇ ਵੇ ਜਿੰਦ ਤ੍ਰੇਹ ਨੇ ਜਾਨ ਸੁਕਾਈ।
ਮੋਤੀ ਵੇ ਹੰਝੂਆਂ ਦੇ ਸੁੱਚੜੇ ਮੋਤੀ
ਫਿਰਦੀ ਵੇ ਮੈਂ ਪਲਕਾਂ ਵਿਚ ਲਟਕਾਈ ।
ਪੱਛਿਆ ਵੇ ਸਾਡਾ ਅੰਗ ਅੰਗ ਚੋਭਾਂ ਪੱਛਿਆ
ਜਾਣੇ ਵੇ ਸਾਡੀ ਕਿਹੜਾ ਪੀੜ ਪਰਾਈ ।
ਸਾਗਰ ਵੇ ਲੱਜਿਆ ਦੇ ਸਾਗਰ ਤਰ ਕੇ
ਆਈ ਵੇ ਮੈਂ ਡਿਗਦੀ ਢਹਿੰਦੀ ਆਈ ।
ਬਣੀਆਂ ਵੇ ਅੱਜ ਜੁਲਫਾਂ ਵਾਂਗ ਜਟਾਵਾਂ
ਪਾਈ ਵੇ ਜੱਗ ਸਵਾਹ ਊਝਾਂ ਦੀ ਪਾਈ ।
ਫੜਿਆ ਵੇ ਅਸਾਂ ਹੱਥ ਰੀਝਾਂ ਦਾ ਕਾਸਾ
ਪਾਈ ਵੇ ਗਲ ਆਸ ਦੀ ਬਗਲੀ ਪਾਈ ।
ਭਿੱਛਿਆ ਵੇ ਵਸਲਾਂ ਦੀ ਭਿੱਛਿਆ ਮੰਗਾਂ
ਦਰ ਤੇ ਵੇ ਤੇਰੇ ਕਦੋਂ ਦੀ ਅਲਖ ਜਗਾਈ ।
ਪਾ ਦੇ ਵੇ ਇਕ ਬੁੱਕ ਮਿਹਰਾਂ ਦਾ ਹੱਸ ਕੇ
ਪੂਰੀ ਵੇ ਸਾਡੀ ਹੋ ਜਾਏ ਜੋਗ ਕਮਾਈ ।

ਕੁਲਵੰਤ ਜਗਰਾਓਂ

"ਨਵੀਂ ਪੰਜਾਬੀ ਕਵਿਤਾ ਕਿਸੇ ਦੇ ਕੁਝ ਪਿੜ-ਪੱਲੇ ਨਹੀਂ ਪਾਉਂਦੀ"। ਪਾਠਕਾਂ ਦੀ ਇਸ ਜਾਇਜ਼ ਊਜ ਤੋਂ ਕੁਲਵੰਤ ਜਗਰਾਓਂ ਦੀਆਂ ਇਹ ਸਾਰੀਆਂ ਕਵਿਤਾਵਾਂ ਮੁਕਤ ਹਨ। ਪੰਜਾਬੀ ਦੇ ਆਲੋਚਕਾਂ ਦੇ ਨੱਕ ਤੇ ਭਾਵੇਂ ਇਹ ਕਵਿਤਾ ਨਾ ਚੜ੍ਹੇ ਪਰ ਸਾਧਾਰਣ ਵਿਅਕਤੀ ਲਈ ਇਹ ਕਵਿਤਾ ਜ਼ਰੂਰ ਫ਼ਾਇਦੇਮੰਦ ਹੈ। ਰੋਜ਼ਾਨਾ ਜੀਵਨ ਦੀ ਚੱਕੀ ਵਿਚ ਪਿਸ ਰਹੇ ਵਿਅਕਤੀ ਤੋਂ ਏਦੂੰ ਕੋਮਲ ਕਵਿਤਾ ਦੀ ਆਸ ਕਰਨਾ ਫ਼ਜ਼ੂਲ ਹੈ।

ਕ੍ਰਾਂਤੀਕਾਰੀ ਲਹਿਰ ਤੋਂ ਉਪਜੀ ਕਵਿਤਾ ਉੱਤੇ ਜੋ ਕਲਾ-ਹੀਣਤਾ ਦਾ ਇਲਜ਼ਾਮ ਲੱਗਦਾ ਹੈ—ਉਸ ਤੋਂ ਕੁਲਵੰਤ ਪੂਰੀ ਤਰ੍ਹਾਂ ਵੱਖਰਾ ਹੈ। ਇਹਨਾਂ ਕਵਿਤਾਵਾਂ ਨੂੰ ਮਾਣਿਆ ਵੀ ਜਾ ਸਕਦਾ ਹੈ ਤੇ ਜਾਣਿਆ ਵੀ। ਸਿਰਫ਼ ਸ਼ਰਤ ਇਕੋ ਹੈ ਤੁਸੀਂ ਦੁਸ਼ਮਣ ਕੈਂਪ ਦੇ ਨੁਮਾਇੰਦੇ ਨਾ ਹੋਵੋ! ਗ਼ਜ਼ਲਾਂ ਨੂੰ ਜੇਕਰ ਗ਼ਜ਼ਲਾਂ ਨਾ ਵੀ ਮੰਨੀਏ ਤਾਂ ਉਹ ਖ਼ੂਬਸੂਰਤ ਕਵਿਤਾਵਾ ਜ਼ਰੂਰ ਹਨ ਜਿਨ੍ਹਾਂ ਵਿਚ ਲੋਕ-ਮੁਹਾਵਰਾ ਬਣਨ ਦੀ ਸਮਰੱਥਾ ਹੈ। ਮੇਰੀ ਰੀਝ ਹੈ ਕੁਲਵੰਤ ਇਸ ਤੋਂ ਅਗਲੇ ਕਦਮ ਨੂੰ ਹੋਰ ਵੀ ਹਿੰਮਤ ਨਾਲ ਪੁੱਟੇ।

410, ਕ੍ਰਿਸ਼ਨਾ ਨਗਰ, ਗੁਰਭਜਨ ਗਿੱਲ
ਸਿਵਿਲ ਲਾਈਨਜ਼, ਲੁਧਿਆਣਾ।

ਬਲਰਾਜ ਸਾਹਨੀ ਯਾਦਗਾਰੀ ਘਰੇਲੂ ਪੁਸਤਕਸ਼ਾਲਾ
ਤੇਜ ਪ੍ਰਿੰਟਿੰਗ ਪ੍ਰੈਸ ਬਿਲਡਿੰਗ, ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ।

ਮੁੱਲ : ਪੰਜ ਰੁਪਏ